Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 46 | Tuesday, March 08, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਕਾਉਂਸਲਰ ਕੈਂਪ 19 ਮਾਰਚ ਨੂੰ ਮਿਸੀਸਾਗਾ ਵਿੱਚ

ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਕਾਉਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ ਸ਼ਨਿੱਚਰਵਾਰ 19 ਮਾਰਚ ਨੂੰ ਮਿਸੀਸਾਗਾ ਵਿੱਚ ਕਾਉਂਸਲਰ ਕੈਂਪ ਲਾਇਆ ਜਾ ਰਿਹਾ ਹੈ। ਇਸ ਦੌਰਾਨ ਕਾਉਂਸਲਰ ਸਬੰਧਤ ਕਈ ਤਰ੍ਹਾਂ ਦੇ ਮੁੱਦੇ ਜਿਵੇਂ ਕਿ ਪਾਸਪੋਰਟ, ਵੀਜ਼ਾ, ਓਸੀਆਈ, ਅਟੈਸਟੇਸ਼ਨ, ਪੀਸੀਸੀ, ਸਰੈਂਡਰ ਸਰਟੀਫਿਕੇਟ ਤੇ ਲਾਈਫ ਸਰਟੀਫਿਕੇਟ ਆਦਿ ਹੱਲ ਕੀਤੇ ਜਾਣਗੇ। ਇਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

| ਕਾਊਂਸਲਰ ਕੈਂਪ ਦੀ ਥਾਂ | ਮਿਤੀ | ਸਮਾਂ |
|---|---|---|
| ਹਿੰਦੂ ਹੈਰੀਟੇਜ ਸੈਂਟਰ, 6300 ਮਿਸੀਸਾਗਾ ਰੋਡ, ਮਿਸੀਸਾਗਾ, ਓਨਟਾਰੀਓ, ਐਲ 5 ਐਨ ਆਈ ਏ7 | ਸ਼ਨਿੱਚਰਵਾਰ 19 ਮਾਰਚ, 2022 | ਸਵੇਰੇ 10:00 ਵਜੇ ਤੋਂ ਦੁਪਹਿਰ ਦੇ 1:30 ਵਜੇ ਤੱਕ |

2. ਕਾਉਂਸਲਰ ਕੈਂਪ ਲੰਮੇਂ ਸਮੇਂ ਤੋਂ ਪੈਂਡਿੰਗ ਮੁੱਦਿਆਂ ਨੂੰ ਹੱਲ ਕਰਨ ਲਈ ਲਾਇਆ ਜਾ ਰਿਹਾ ਹੈ ਤੇ ਇਹ ਕਾਉਂਸਲਰ ਸੇਵਾਵਾਂ ਦੇਣ ਲਈ ਨਹੀਂ ਲਾਇਆ ਜਾ ਰਿਹਾ। ਫਿਰ ਵੀ, ਜੇ ਸਰੈਂਡਰ ਸਰਟੀਫਿਕੇਟ, ਅਟੈਸਟੇਸ਼ਨ ਤੇ ਲਾਈਫ ਸਰਟੀਫਿਕੇਟ ਲਈ ਅਰਜ਼ੀਆਂ ਸਹੀ ਤਰਤੀਬ ਵਿੱਚ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਸਵੀਕਾਰਿਆ ਜਾਵੇਗਾ।

3. ਸਰੈਂਡਰ ਸਰਟੀਫਿਕੇਟ ਲਈ ਫੀਸ ਬੀਐਲਐਸ ਇੰਟਰਨੈਸ਼ਨਲ ਸਰਵਿਸਿਜ਼ ਕੈਨੇਡਾ ਦੇ ਫੇਵਰ ਵਿੱਚ ਡੈਬਿਟ ਕਾਰਡ/ਡਿਮਾਂਡ ਡਰਾਫਟ ਰਾਹੀਂ ਹੀ ਸਵੀਕਾਰੀ ਜਾਵੇਗੀ। ਅਟੈਸਟੇਸ਼ਨ ਸਰਵਿਸਿਜ਼ ਲਈ ਫੀਸ ਕਾਉਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਦੇ ਫੇਵਰ ਵਿੱਚ ਸਿਰਫ ਡਿਮਾਂਡ ਡਰਾਫਟ ਰਾਹੀਂ ਹੀ ਸਵੀਕਾਰੀ ਜਾਵੇਗੀ। ਅਟੈਸਟੇਸ਼ਨ ਸਰਵਿਸ ਲਈ ਬਿਨੈਕਾਰ ਦਸਤਾਵੇਜ਼ ਮੁੜ ਹਾਸਲ ਕਰਨ ਲਈ ਆਪਣੀ ਅਰਜ਼ੀ ਦੇ ਨਾਲ ਆਪਣੇ ਪਤੇ ਵਾਲਾ ਪ੍ਰੀਪੇਡ ਐਨਵੈਲਪ ਜ਼ਰੂਰ ਨੱਥੀ ਕਰਨ। ...ਬਾਕੀ ਪੰਨਾ 3 'ਤੇ

## ਗੈਰ ਯੂਕਰੇਨੀ ਨਾਗਰਿਕਾਂ ਲਈ ਕੈਨੇਡਾ ਦਾ ਆਰਜ਼ੀ ਪਨਾਹ ਦੇਣ ਵਾਲਾ ਪ੍ਰੋਗਰਾਮ ਲਾਗੂ ਹੀ ਨਹੀਂ ਹੁੰਦਾ!

ਓਟਵਾ, 7 ਮਾਰਚ (ਪੋਸਟ ਬਿਊਰੋ) : ਮਾਸੂਮਾ ਤਾਜ਼ਿਕ ਅਗਸਤ ਵਿੱਚ ਅਫਗਾਨਿਸਤਾਨ ਤੋਂ ਤਾਲਿਬਾਨ ਹਕੂਮਤ ਤੋਂ ਭੱਜ ਕੇ 22 ਸਾਲਾਂ ਦੀ ਉਮਰ ਵਿੱਚ ਇੱਕ ਬੈਕਪੈਕ ਨਾਲ ਹੀ ਯੂਕਰੇਨ ਆ ਗਈ ਸੀ। ਇਸ ਸੱਭ ਕਾਸੇ ਵਿੱਚ ਉਸ ਦਾ ਪਰਿਵਾਰ ਵੀ ਪਿੱਛੇ ਹੀ ਰਹਿ ਗਿਆ ਸੀ।

ਪਿਛਲੇ ਹਫਤੇ ਉਸ ਨੂੰ ਪਿਛਲੇ ਛੇ ਮਹੀਨੇ ਵਿੱਚ ਯੂਕਰੇਨ ਵਿੱਚ ਨਵੇਂ ਸਿਰੇ ਤੋਂ ਬਣਾਈ ਆਪਣੀ ਜ਼ਿੰਦਗੀ ਨੂੰ ਵੀ ਇੱਕ ਵਾਰੀ ਫਿਰ ਛੱਡਣਾ ਪਿਆ ਤੇ ਇਸ ਵਾਰੀ ਵੀ ਉਸ ਕੋਲ ਇੱਕ ਬੈਕਪੈਕ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਸੀ। ਉਸ ਨੇ ਆਖਿਆ ਕਿ ਉਹ ਕਈ ਰਾਤਾਂ ਤੋਂ ਨਹੀਂ ਸੁੱਤੀ ਤੇ ਉਹ ਬਹੁਤ ਥੱਕੀ ਹੋਈ ਹੈ। ਪਰ ਸਰਹੱਦ ਤੱਕ ਪਹੁੰਚਣ ਲਈ ਉਸ ਨੂੰ ਲਵੀਵ ਤੋਂ ਬਾਹਰ ਜਾਣ ਦਾ ਰਾਹ ਲੱਭਣਾ ਪਿਆ। ਆਖਿਰਕਾਰ ਤਾਜ਼ਿਕ ਵਾਲੰਟੀਅਰਜ਼ ਦੀ ਮਦਦ ਨਾਲ ਪੋਲੈਂਡ ਪਹੁੰਚਣ ਵਿੱਚ ਕਾਮਯਾਬ ਹੋ ਗਈ।



ਇਸ ਦੌਰਾਨ ਕੈਨੇਡੀਅਨ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਜਿਹੜੇ ਯੂਕਰੇਨੀਅਨ ਰੂਸ ਦੇ ਹਮਲੇ ਤੋਂ ਬਚਣ ਲਈ ਆਰਜ਼ੀ ਤੌਰ ਉੱਤੇ ਦੋ ਸਾਲਾਂ ਲਈ ਕੈਨੇਡਾ ਆਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਫੈਡਰਲ ਸਰਕਾਰ ਵੱਲੋਂ ਇਸ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਪਿਛਲੇ ਹਫਤੇ ਇਸ ਦਾ ਐਲਾਨ ਕੀਤਾ ਸੀ। ਤਾਜ਼ਿਕ ਨੇ ਆਖਿਆ ਕਿ ਕੈਨੇਡਾ ਤੇ ਹੋਰਨਾਂ ਮੁਲਕਾਂ ਤੋਂ ਇਸ ਤਰ੍ਹਾਂ ਦੇ ਹੀ ਪ੍ਰੋਗਰਾਮ ਦੀ ਉਸ ਨੂੰ ਆਸ ਸੀ।

ਪਰ ਕੈਨੇਡਾ ਦਾ ਇਹ ਪ੍ਰੋਗਰਾਮ ਤਾਜ਼ਿਕ ਵਰਗੇ ਲੋਕਾਂ ਉੱਤੇ ਲਾਗੂ ਨਹੀਂ ਹੁੰਦਾ। ਇਮੀਗ੍ਰੇਸ਼ਨ ਮੰਤਰੀ ਦੇ ਆਫਿਸ ਦਾ ਕਹਿਣਾ ਹੈ ਕਿ ਇਹ ਪ੍ਰੋਗਰਾਮ ਸਿਰਫ ਯੂਕਰੇਨ ਦੇ ਨਾਗਰਿਕਾਂ ਲਈ ਹੀ ਉਪਲਬਧ ਹੈ। ਗੈਰ ਨਾਗਰਿਕ ਵੀ ਜੇ ਇਮੀਗ੍ਰੇਸ਼ਨ ਦੇ ਹੋਰਨਾਂ ਰਸਤਿਆਂ ਨਾਲ ਕੈਨੇਡਾ ਆਉਣ ਵਾਸਤੇ ਅਪਲਾਈ ਕਰਦੇ ਹਨ ਤਾਂ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਇਸ ਉੱਤੇ ਕਈ ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਇਸ ਤਰ੍ਹਾਂ ਦੀ ਹਿੰਸਾ ਤੋਂ ਭੱਜਣ ਵਿੱਚ ਮਦਦ ਦੀ ਗੱਲ ਹੋਵੇ ਤਾਂ ਕਿਸੇ ਦੀ ਨਾਗਰਿਕਤਾ ਕਿਸੇ ਵੀ ਤਰ੍ਹਾਂ ਦਾ ਅੜਿੱਕਾ ਨਹੀਂ ਬਣਨਾ ਚਾਹੀਦਾ।

ਇਸ ਦੌਰਾਨ ਕੈਨੇਡੀਅਨ ਕਾਉਂਸਲ ਫੌਰ ਰਫਿਊਜੀਜ਼ ਨੇ ਆਖਿਆ ਕਿ ਯੂਕਰੇਨ ਵਿੱਚ ਰਹਿਣ ਵਾਲੇ ਰਫਿਊਜੀਆਂ ਦੀ ਹਾਲਤ ਤਾਂ ਹੋਰ ਵੀ ਬਦਤਰ ਹੋ ਗਈ ਹੈ। ਇਹ ਵੀ ਆਖਿਆ ਗਿਆ ਕਿ ਇਸ ਬਾਰੇ ਸਾਰੇ ਦੇਸ਼ਾਂ ਨੂੰ ਜ਼ਰੂਰ ਕੁੱਝ ਸੋਚਣਾ ਚਾਹੀਦਾ ਹੈ।

## ਟਰੂਡੋ ਵੱਲੋਂ 10 ਰੂਸੀ ਆਗੂਆਂ 'ਤੇ ਨਵੀਆਂ ਪਾਬੰਦੀਆਂ ਲਾਉਣ ਦਾ ਐਲਾਨ

ਲੰਡਨ, 7 ਮਾਰਚ (ਪੋਸਟ ਬਿਊਰੋ) : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 10 ਰੂਸੀ ਸਿਆਸੀ ਤੇ ਕਾਰੋਬਾਰੀ ਆਗੂਆਂ ਉੱਤੇ ਨਵੀਆਂ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਗਿਆ।

ਟਰੂਡੋ ਨੇ ਆਖਿਆ ਕਿ ਜਿਨ੍ਹਾਂ 10 ਵਿਅਕਤੀਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ ਉਨ੍ਹਾਂ ਦੀ ਪਛਾਣ ਪੁਤਿਨ ਤੇ ਮੁੱਖ ਵਿਰੋਧੀ, ਜਿਸ ਨੂੰ ਰੂਸ ਦੀ ਜੇਲ੍ਹ ਵਿੱਚ ਬੰਦ ਕਰਕੇ ਰੱਖਿਆ ਗਿਆ ਹੈ, ਅਲੈਗਜ਼ੇਈ ਨਵਾਲਨੀ ਵੱਲੋਂ ਕੀਤੀ ਗਈ। ਪ੍ਰਧਾਨ ਮੰਤਰੀ ਨੇ ਇਨ੍ਹਾਂ ਪਾਬੰਦੀਆਂ ਦਾ ਐਲਾਨ ਲੰਡਨ, ਇੰਗਲੈਂਡ ਵਿੱਚ ਇੱਕ ਨਿਊਜ਼ ਕਾਨਫਰੰਸ ਦੌਰਾਨ ਕੀਤਾ ਗਿਆ। ਇਸ ਨਿਊਜ਼ ਕਾਨਫਰੰਸ ਵਿੱਚ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਤੇ ਡੱਚ ਪ੍ਰਧਾਨ ਮੰਤਰੀ ਮਾਰਕ ਰੱਟ ਨੇ ਵੀ ਹਿੱਸਾ ਲਿਆ।

ਤਿੰਨਾਂ ਆਗੂਆਂ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਦੀ ਨਿਖੇਧੀ ਕੀਤੀ। ਇਸ ਦੌਰਾਨ ਕੈਨੇਡਾ, ਯੂਕੇ ਤੇ ਨੀਦਰਲੈਂਡਜ਼ ਨੇ ਨਵੇਂ ਗੱਠਜੋੜ ਦਾ ਐਲਾਨ ਕੀਤਾ ਜੋ ਕਿ ਯੂਕਰੇਨ ਨੂੰ ਸਥਿਰ ਤੇ ਲਗਾਤਾਰ ਮਦਦ ਮੁਹੱਈਆ



ਕਰਵਾਏਗਾ। ਇਸ ਦੌਰਾਨ ਹਿੰਸਾ ਤੋਂ ਬਚਣ ਲਈ ਭੱਜ ਰਹੇ ਰਫਿਊਜੀਆ ਦੀ ਮਦਦ ਕਰਨ ਦਾ ਵੀ ਇਨ੍ਹਾਂ ਆਗੂਆਂ ਨੇ ਪ੍ਰਣ ਕੀਤਾ। ਟਰੂਡੋ ਨੇ ਕੈਨੇਡੀਅਨ ਫੌਜ ਲਈ ਫੰਡਿੰਗ ਵਿੱਚ ਵਾਧਾ ਕਰਨ ਦਾ ਸੰਕੇਤ ਵੀ ਦਿੱਤਾ। ਉਨ੍ਹਾਂ ਇਹ ਵੀ ਆਖਿਆ ਕਿ ਇਸ ਲਈ ਉਚੇਚੇ ਤੌਰ ਉੱਤੇ ਬਜਟ ਵੀ ਆਵੇਗਾ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com


## ਫੈਡਰਲ ਕਾਰਬਨ ਟੈਕਸ ਵਿੱਚ ਕੀਤੇ ਜਾਣ ਵਾਲੇ ਵਾਧੇ ਨੂੰ ਰੱਦ ਕਰਨ ਦੀ ਪੈਟ੍ਰਿਕ ਬ੍ਰਾਊਨ ਨੇ ਕੀਤੀ ਮੰਗ

ਬਰੈਂਪਟਨ, 7 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਆਪਣੀ ਹਫਤਾਵਾਰੀ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫੈਡਰਲ ਕਾਰਬਨ ਟੈਕਸ ਵਿੱਚ ਵਾਧੇ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।

ਇਸ ਕਾਨਫਰੰਸ ਵਿੱਚ ਉਨ੍ਹਾਂ ਆਖਿਆ ਕਿ ਇਹ ਸਾਰੇ ਹੀ ਜਾਣਦੇ ਹਨ ਕਿ ਕੋਵਿਡ-19 ਹੈਲਥ ਮਹਾਂਮਾਰੀ ਤੋਂ ਕਿਤੇ ਜ਼ਿਆਦਾ ਹੈ। ਇਹ ਸਾਡੇ ਰੈਜ਼ੀਡੈਂਟਸ ਤੇ ਨਿੱਕੇ ਕਾਰੋਬਾਰੀਆਂ ਲਈ ਆਰਥਿਕ ਤਬਾਹੀ ਵੀ ਲੈ ਕੇ ਆਈ। ਮਹਾਂਮਾਰੀ ਦੌਰਾਨ ਅਸੀਂ ਮਿਊਂਸਪਲ ਟੈਕਸ ਤੱਕ ਉੱਤੇ ਰੋਕ ਲਾ ਦਿੱਤੀ। ਮਹਿੰਗਾਈ, ਸਰਕਾਰੀ ਨੀਤੀਆਂ ਤੇ ਸਪਲਾਈ ਕਾਰਨ ਐਨਰਜੀ ਦੀਆਂ ਕੀਮਤਾਂ ਵਿੱਚ ਹੋਏ ਰਿਕਾਰਡ ਵਾਧੇ ਨਾਲ ਆਮ ਲੋਕਾਂ ਦੀ ਚਿੰਤਾ ਕਾਫੀ ਵੱਧ ਸਕਦੀ ਹੈ।



ਬ੍ਰਾਊਨ ਨੇ ਆਖਿਆ ਕਿ ਉਹ ਪਹਿਲੀ ਅਪਰੈਲ, 2022 ਤੋਂ ਲਾਏ ਜਾਣ ਵਾਲੇ ਕਾਰਬਨ ਟੈਕਸ ਨੂੰ ਰੱਦ ਕਰਨ ਦੀ ਫੈਡਰਲ ਸਰਕਾਰ ਤੋਂ ਮੰਗ ਕਰਦੇ ਹਨ। ਉਨ੍ਹਾਂ ਆਖਿਆ ਕਿ ਹੁਣ ਆਮ ਲੋਕਾਂ ਉੱਤੇ ਨਵਾਂ ਬੋਝ ਪਾਉਣ ਦਾ ਸਮਾਂ ਨਹੀਂ ਹੈ। ਬਰੈਂਪਟਨ ਵਿੱਚ ਕੁੱਝ ਲੋਕ ਆਪਣੀਆਂ ਗੱਡੀਆਂ ਵਿੱਚ ਤੇਲ ਪੁਆ ਸਕਦੇ ਹਨ ਜਾਂ ਫਿਰ ਆਪਣੇ ਘਰਾਂ ਦੇ ਹੀਟਿੰਗ ਬਿੱਲ ਦੇ ਸਕਦੇ ਹਨ। ਇਨ੍ਹਾਂ ਆਮ ਲੋਕਾਂ ਨੂੰ ਇਹ ਕੰਮ ਕਰਨ, ਕਿਰਾਇਆ ਦੇਣ ਜਾਂ ਗਰੌਸਰੀ ਖਰੀਦਣ ਵਿੱਚ ਵੀ ਚੋਣ ਕਰਨੀ ਪੈ ਰਹੀ ਹੈ।

ਕੱਲ੍ਹ ਨੂੰ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਗੈਸ ਦੀਆਂ ਕੀਮਤਾਂ 1.68 ਡਾਲਰ ਤੱਕ ਪਹੁੰਚ ਜਾਣਗੀਆਂ। ਐਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਤੇ ਸਾਬਕਾ ਲਿਬਰਲ ਐਮਪੀ ਡੈਨ ਮੈਕਟੀਗ ਨੇ ਆਖਿਆ ਕਿ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਗੈਸ ਦੀਆਂ ਕੀਮਤਾਂ ਜੀਟੀਏ ਵਿੱਚ ਜਲਦ ਹੀ 1.90 ਪ੍ਰਤੀ ਲੀਟਰ ਤੱਕ ਵੀ ਪਹੁੰਚਣ ਵਾਲੀਆਂ ਹਨ। ਅੱਜ ਤੋਂ ਇੱਕ ਮਹੀਨੇ ਬਾਅਦ ਕੈਨੇਡਾ ਸਰਕਾਰ ਕਾਰਬਨ ਟੈਕਸ ਲਾ ਕੇ ਚੀਜ਼ਾਂ ਨੂੰ ਹੋਰ ਮਹਿੰਗਾ ਕਰਨ ਵਾਲੀ ਹੈ। ਮਹਾਂਮਾਰੀ ਦੌਰਾਨ ਫੈਡਰਲ ਕਾਰਬਨ ਟੈਕਸ ਗੈਸੋਲੀਨ ਉੱਤੇ ਪਹਿਲੀ ਅਪਰੈਲ, 2022 ਤੋਂ 11 ਸੈਂਟ ਪ੍ਰਤੀ ਲੀਟਰ ਤੱਕ ਵੱਧ ਜਾਵੇਗਾ।

ਉਨ੍ਹਾਂ ਆਖਿਆ ਕਿ ਇਸ ਲਈ ਇਸ ਸਮੇਂ ਪਹਿਲਾਂ ਤੋਂ ਹੀ ਮਹਿੰਗਾਈ ਦੀ ਮਾਰ ਸਹਿ ਰਹੀ ਜਨਤਾ ਉੱਤੇ ਕਿਸੇ ਵੀ ਤਰ੍ਹਾਂ ਦਾ ਬੋਝ ਨਹੀਂ ਪਾਇਆ ਜਾਣਾ ਚਾਹੀਦਾ ਤੇ ਇਸ ਕਾਰਬਨ ਟੈਕਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ।


INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤਰਜੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™
AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਐਗਜ਼ਿਟ ਪੋਲ ਮੁਤਾਬਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਪੂਰਾ ਬਹੁਮੱਤ ਮਿਲਣ ਦੀ ਸੰਭਾਵਨਾ

* ਉੱਤਰ ਪ੍ਰਦੇਸ਼ ਵਿੱਚ ਭਾਜਪਾ ਫਿਰ ਜਿੱਤਦੀ ਨਜ਼ਰ ਆਈ * ਉੱਤਰਾਖੰਡ ਤੇ ਗੋਆ ਵਿੱਚ ਵੱਡਾ ਉਲਟ ਫੇਰ ਹੋ ਸਕਦੈ




ਚੰਡੀਗੜ੍ਹ, 7 ਮਾਰਚ, (ਪੋਸਟ ਬਿਊਰੋ)- ਅੱਜ ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਲਈ ਆਖਰੀ ਗੇੜ ਮੁੱਕਣ ਦੇ ਬਾਅਦ ਵੱਖ-ਵੱਖ ਮੀਡੀਆ ਚੈਨਲਾਂ ਨੇ ਜਦੋਂ ਐਗਜ਼ਿਟ ਪੋਲ ਪੇਸ਼ ਕੀਤੇ ਤਾਂ ਇਨ੍ਹਾਂ ਦੀ ਆਮ ਰਿਪੋਰਟ ਮੁਤਾਬਕ ਪੰਜਾਬਵਿੱਚਆਮ ਆਦਮੀ ਪਾਰਟੀ ਨੂੰ ਬਹੁਮੱਤ ਮਿਲਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ।

ਵੱਖ-ਵੱਖ ਮੀਡੀਆ ਚੈਨਲਾਂ ਵੱਲੋਂ ਪੇਸ਼ ਕੀਤੇ ਐਗਜ਼ਿਟ ਪੋਲ ਦੇ ਮੁਤਾਬਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ 41 ਫੀਸਦੀ ਵੋਟਾਂ ਮਿਲਣ ਦੀ ਉਮੀਦ ਹੈ, ਜਿਸ ਨਾਲ ਇਸ ਪਾਰਟੀ ਨੂੰ 76 ਤੋਂ 90 ਸੀਟਾਂ ਮਿਲ ਸਕਦੀਆਂ ਹਨ, ਜਦਕਿ ਕਾਂਗਰਸ 28 ਫੀਸਦੀ ਵੋਟਾਂ ਮਿਲਣ ਦੀ ਸੰਭਾਵਨਾ ਹੋਣ ਨਾਲ ਉਹ 19 ਤੋਂ 31 ਸੀਟਾਂ ਜਿੱਤ ਸਕਦੀ ਹੈ। ਅਕਾਲੀ ਦਲ ਨੂੰ ਮਸਾਂ 19 ਫੀਸਦੀ ਵੋਟਾਂ ਮਿਲਣ ਦੀ ਸੰਭਾਵਨਾ ਨਾਲ ਉਹ 7 ਤੋਂ 11 ਸੀਟਾਂ ਜਿੱਤ ਸਕਦਾ ਹੈ ਤੇ ਭਾਜਪਾ ਨੂੰ 7 ਫੀਸਦੀ ਵੋਟਾਂ ਮਿਲਣ ਦੀ ਸੰਭਾਵਨਾ ਨਾਲ ਇਹ ਪਾਰਟੀ 1 ਤੋਂ 4 ਸੀਟਾਂ ਜਿੱਤਣਤੱਕ ਸੀਮਤ ਰਹਿ ਸਕਦੀ ਹੈ।

ਵਰਨਣ ਯੋਗ ਹੈ ਕਿ ਪੰਜਾਬਵਿੱਚ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਮੁੱਖ ਮੁਕਾਬਲੇ ਦੀ ਚਰਚਾ ਚੱਲ ਰਹੀ ਹੈ ਤੇ ਅਕਾਲੀ ਦਲ ਬਾਰੇ ਕਿਹਾ ਜਾਂਦਾ ਹੈ ਕਿ ਭਾਜਪਾ ਨਾਲ ਗੱਠਜੋੜ ਕਰਕੇ ਸਰਕਾਰ ਬਣਾ ਸਕਦਾ ਹੈ।ਐਗਜ਼ਿਟ ਰਿਪੋਰਟਾਂ ਮੁਤਾਬਕ ਭਾਜਪਾ ਨੂੰ ਸਭ ਤੋਂ ਘੱਟ 7 ਫੀਸਦੀ ਸੀਟਾਂ ਮਿਲਣ ਦੀ ਸੰਭਾਵਨਾ ਤੋਂ ਸਾਫ ਹੁੰਦਾ ਹੈ ਕਿ ਉਹ ਹੋਰਨਾਂ ਪਾਰਟੀਆਂ ਨਾਲ ਗੱਠਜੋੜ ਕਰਕੇ ਪੰਜਾਬਵਿੱਚ ਆਪਣਾ ਅਕਸ ਬਚਾਉਣ ਦਾ ਯਤਨ ਕਰ ਸਕਦੀ ਹੈ। ਇਸ ਦੇ ਬਾਵਜੂਦ ਅਸਲੀ ਨਤੀਜਾ 10 ਮਾਰਚ ਨੂੰ ਪਤਾ ਲੱਗੇਗਾ ਕਿ ਕਿਹੜੀ ਪਾਰਟੀ ਸੱਤਾਸੰਭਾਲਦੀ ਹੈ।

ਇਸ ਦੌਰਾਨ ਅੱਜ ਆਏਐਗਜ਼ਿਟ ਪੋਲ ਮੁਤਾਬਕ ਉੱਤਰ ਪ੍ਰਦੇਸ਼ ਵਿੱਚ ਇੱਕ ਵਾਰ ਫਿਰ ਭਾਰਤੀ ਜਨਤਾ ਪਾਰਟੀ ਬਹੁਮੱਤ ਨਾਲ ਸਰਕਾਰ ਬਣਾਉਂਦੀ ਜਾਪਦੀ ਹੈ।ਐਗਜ਼ਿਟ ਪੋਲ ਮੁਤਾਬਕ ਉਸ ਰਾਜ ਵਿੱਚ ਭਾਜਪਾ ਪੂਰਨ ਬਹੁਮੱਤ ਲਵੇ ਤਾਂ 37 ਸਾਲ ਪਿੱਛੋਂ ਪਹਿਲੀ ਵਾਰ ਕੋਈ ਪਾਰਟੀ ਉੱਤਰ ਪ੍ਰਦੇਸ਼ ਵਿੱਚ ਲਗਾਤਾਰ ਦੂਸਰੀ ਸਰਕਾਰ ਬਣਾਏਗੀ।ਇੰਡੀਆ ਟੂਡੇ (ਐਕਸਿਸ ਮਾਏ) ਦੇ ਐਗਜ਼ਿਟ ਪੋਲ ਮੁਤਾਬਕ ਭਾਜਪਾ ਨੂੰ 288-326 ਸੀਟਾਂ ਮਿਲਣ ਦੀ ਆਸ ਹੈ, ਸਮਾਜਵਾਦੀ ਪਾਰਟੀ ਦੀਆਂ ਸੀਟਾਂ ਵਧ ਕੇ 71-101 ਹੋ ਸਕਦੀਆਂ ਹਨ ਅਤੇ ਕਾਂਗਰਸ ਨੂੰ 01-03 ਸੀਟਾਂ ਤੇ ਬਹੁਜਨ ਸਮਾਜ ਪਾਰਟੀ ਨੂੰ 03-09 ਸੀਟਾਂ ਮਿਲਣ ਦੇ ਆਸਾਰ ਹਨ।ਇੱਕ ਹੋਰ ਚੈਨਲ ਦੇ ਐਗਜ਼ਿਟ ਪੋਲ ਦੇ ਅਨੁਸਾਰ ਭਾਜਪਾ ਨੂੰ 224 ਸੀਟਾਂ, ਸਮਾਜਵਾਦੀ ਪਾਰਟੀ ਨੂੰ 151, ਕਾਂਗਰਸ ਨੂੰ 9 ਅਤੇ ਬਸਪਾ ਨੂੰ 14 ਸੀਟਾਂ ਮਿਲ ਸਕਦੀਆਂ ਹਨ।

ਤੀਸਰੇ ਪਾਸੇ ਉੱਤਰਾਖੰਡਦੇ ਐਗਜ਼ਿਟ ਪੋਲ ਮੁਤਾਬਕ ਵੀ ਭਾਜਪਾ ਉਸ ਰਾਜ ਮੁੜ ਕੇ ਸਰਕਾਰ ਬਣਾ ਸਕਦੀ ਹੈ, ਪਰ ਉਸ ਨੂੰ ਕਾਂਗਰਸ ਤੋਂ ਸਖ਼ਤ ਟੱਕਰ ਮਿਲ ਰਹੀ ਹੈ ।ਐਗਜ਼ਿਟ ਪੋਲ ਮੁਤਾਬਕਉੱਤਰਾਖੰਡਵਿੱਚ ਭਾਜਪਾ ਨੂੰ 36 ਤੋਂ 46 ਸੀਟਾਂ ਅਤੇ ਕਾਂਗਰਸ ਨੂੰ 20-30 ਸੀਟਾਂ ਮਿਲਣ ਦੀ ਸੰਭਾਵਨਾ ਹੈ। ਇੱਕ ਹੋਰ ਪੋਲ ਦੇ ਮੁਤਾਬਕ ਕਾਂਗਰਸ ਨੂੰ 24, ਭਾਜਪਾ ਨੂੰ 43 ਅਤੇ ਹੋਰਨਾਂ ਨੂੰ 3 ਸੀਟਾਂ ਮਿਲਣ ਦੀ ਆਸ ਹੈ।

ਗੋਆਵਿੱਚ ਭਾਜਪਾ ਨੂੰ ਝਟਕਾ ਲੱਗ ਸਕਦਾ ਹੈ। ਇੰਡੀਆ ਟੂਡੇ (ਐਕਸਿਸ ਮਾਏ) ਮੁਤਾਬਕਗੋਆਵਿੱਚ ਭਾਜਪਾ ਨੂੰ 14-18 ਸੀਟਾਂ, ਕਾਂਗਰਸ ਨੂੰ 15-20, ਮਹਾਰਾਸ਼ਟਰਵਾਦੀ ਗੋਮਾਂਤਕ ਪਾਰਟੀ ਨੂੰ 02-05 ਅਤੇ ਹੋਰਨਾਂ ਨੂੰ 2 ਸੀਟਾਂ ਮਿਲਣ ਦੀ ਆਸ ਹੈ। ਨਿਊਜ਼ 18 ਇੰਡੀਆ ਦੇ ਮੁਤਾਬਕਭਾਜਪਾ ਨੂੰ 17, ਕਾਂਗਰਸ ਨੂੰ 16, ਐੱਮਜੀਪੀ ਨੂੰ 2 ਅਤੇ ਹੋਰਨਾਂ ਨੂੰ 7 ਸੀਟਾਂ ਮਿਲ ਸਕੀਆਂ ਹਨ। ਏਬੀਪੀ ਅਤੇ ਸੀ-ਵੋਟਰ ਦੇ ਅਨੁਸਾਰਭਾਜਪਾ ਨੂੰ 13 ਤੋਂ 17 ਸੀਟਾਂ, ਕਾਂਗਰਸ ਨੂੰ 12 ਤੋਂ 16, ਆਮ ਆਦਮੀ ਪਾਰਟੀ ਨੂੰ 01-05 ਅਤੇ ਹੋਰਨਾਂ ਨੂੰ 10 ਸੀਟਾਂ ਮਿਲਣ ਦੀ ਸੰਭਾਵਨਾ ਹੈ।

ਮਣੀਪੁਰ ਵਿੱਚ ਫਿਰ ਐੱਨ ਡੀ ਏ ਸਰਕਾਰ ਬਣ ਸਕਦੀ ਹੈ। ਇੰਡੀਆ ਟੂਡੇ (ਐਕਸਿਸ ਮਾਏ) ਦੇ ਮੁਤਾਬਕ ਉਥੇ ਭਾਜਪਾ ਨੂੰ 33-43 ਸੀਟਾਂ, ਕਾਂਗਰਸ ਨੂੰ 4-8 ਅਤੇ ਐੱਨ ਪੀ ਐੱਫ ਨੂੰ 6-15 ਸੀਟਾਂ ਮਿਲਣ ਦੀ ਆਸ ਹੈ।

# ਸਿਟੀ ਹਾਲ ਵਿਚ ਪਾਰਦਰਸ਼ਤਾ ਬਹਾਲ ਕਰਨ ਦਾ ਬਰੈਂਪਟਨ ਦੇ ਛੇ ਕਾਊਂਸਲਰਜ਼ ਨੇ ਪ੍ਰਗਟਾਇਆ ਤਹੱਈਆ



ਬਰੈਂਪਟਨ, 7 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਛੇ ਕਾਊਂਸਲਰਜ਼ ਨੇ ਸਿਟੀ ਹਾਲ ਵਿੱਚ ਪਾਰਦਰਸ਼ਤਾ ਨੂੰ ਬਹਾਲ ਰੱਖਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਇੱਕ ਵਾਰੀ ਮੁੜ ਦੁਹਰਾਈ ਹੈ। ਉਨ੍ਹਾਂ ਆਖਿਆ ਕਿ 10 ਫਰਵਰੀ ਨੂੰ ਅਸੀਂ ਇੱਕ ਮੀਡੀਆ ਰਲੀਜ਼ ਜਾਰੀ ਕਰਕੇ ਠੱਗ ਨੌਕਰਸ਼ਾਹੀ ਤੇ ਪਾਰਦਰਸ਼ੀ ਤੇ ਪੂਰੀ ਜਵਾਬਦੇਹੀ ਵਾਲੀ ਸਾਡੀ ਮਿਊਂਸਪਲ ਸਰਕਾਰ ਦਰਮਿਆਨ ਸਾਡੀ ਵਚਨਬੱਧਤਾ ਵਿਚਾਲੇ ਲਕੀਰ ਖਿੱਚ ਦਿੱਤੀ ਸੀ।

ਇਨ੍ਹਾਂ ਛੇ ਕਾਊਂਸਲਰਜ਼ ਪੈਟ ਫੋਰਟਿਨੀ, ਗੁਰਪ੍ਰੀਤ ਸਿੰਘ ਢਿੱਲੋਂ, ਚਾਰਮੇਨ ਵਿਲੀਅਮਜ਼, ਜੈੱਫ ਬੋਅਮੈਨ, ਮਾਰਟਿਨ ਮੈਡੇਰੌਸ ਤੇ ਡੱਗ ਵ੍ਹਿਲਾਂਜ਼ ਨੇ ਆਖਿਆ ਕਿ ਅਸੀਂ ਆਪਣੀ ਜਮਹੂਰੀਅਤ ਲਈ ਲੜਨ ਤੇ ਟੈਕਸਦਾਤਾਵਾਂ ਦੀਆਂ ਲੋੜਾਂ ਨੂੰ ਸੱਭ ਤੋਂ ਅੱਗੇ ਤੇ ਸਰਬੋਪਰੀ ਰੱਖਣ ਦਾ ਤਹੱਈਆ ਪ੍ਰਗਟਾਇਆ ਸੀ। ਉਨ੍ਹਾਂ ਆਖਿਆ ਕਿ ਹੁਣ ਤੱਕ ਅਸੀਂ ਵਿੱਤੀ ਤੇ ਪ੍ਰਸ਼ਾਸਕੀ ਕੁਪ੍ਰਬੰਧਾਂ ਤੋਂ ਪਰਦਾ ਹਟਾਉਣ ਲਈ ਕਈ ਅਹਿਮ ਫੈਸਲੇ ਕਰ ਚੁੱਕੇ ਹਾਂ। ਉਨ੍ਹਾਂ ਆਖਿਆ ਕਿ ਸਾਡੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਅਸੀਂ ਅੰਤਰਿਮ ਸੀਈਓ ਪਾਲ ਮੌਰੀਸਨ ਨੂੰ ਨਿਯੁਕਤ ਕਰਵਾਇਆ ਹੈ ਜੋ ਕਿ ਜਨਤਾ ਦਾ ਵਿਸ਼ਵਾਸ ਮੁੜ ਹਾਸਲ ਕਰਨ ਵਿੱਚ ਸਾਡੀ ਮਦਦ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ ਜਾਇਜ਼, ਪਾਰਦਰਸ਼ੀ ਤੇ ਜਵਾਬਦੇਹੀ ਵਾਲੇ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਸਿਟੀ ਨੂੰ ਅੱਗੇ ਲਿਜਾਣ ਲਈ ਲੋੜੀਂਦੀਆਂ ਤਬਦੀਲੀਆਂ ਕਰਦੇ ਸਮੇਂ ਸਾਡੇ ਨਵੇਂ ਅੰਤਰਿਮ ਸੀਈਓ, ਸਿਟੀ ਲਈ ਨੀਤੀਆਂ ਤੇ ਤਰਜੀਹਾਂ ਨਿਰਧਾਰਤ ਕਰਨ ਲਈ ਕਾਊਂਸਲ ਦੀ ਭੂਮਿਕਾ ਦੀ ਇੱਜ਼ਤ ਕਰਦੇ ਹਨ।

2 ਮਾਰਚ, 2022 ਨੂੰ ਹੋਈ ਸਾਡੀ ਕਾਊਂਸਲ ਦੀ ਮੀਟਿੰਗ ਵਿੱਚ ਅਸੀਂ ਤੁਹਾਡੀ- ਆਪਣੇ ਰੈਜ਼ੀਡੈਂਟਸ ਤੇ ਟੈਕਸਦਾਤਾਵਾਂ, ਸੁਰੱਖਿਆ ਕਰਨ ਲਈ ਕਈ ਸਪਸ਼ਟ ਸੁਨੇਹੇ ਦਿੱਤੇ ਤੇ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੇ ਕੁੱਝ ਕਾਊਂਸਲ ਕੁਲੀਗਜ਼ ਵੱਲੋਂ ਵੀ ਸਾਡੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਸਮਰਥਨ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਹਿਲਾਂ ਸਿਟੀ ਵਿੱਚ ਯੂਨੀਵਰਸਿਟੀ ਸਥਾਪਿਤ ਕਰਨ ਦੀਆਂ ਸਾਡੀਆਂ ਕੋਸ਼ਿਸ਼ਾਂ ਬਾਰੇ ਕਾਊਂਸਲ ਤੋਂ ਕੰਸਲਟੈਂਟ ਕੀਮਤ ਲੁਕਾ ਕੇ ਰੱਖਣ ਤੋਂ ਬਾਅਦ ਉਸ ਜਾਣਕਾਰੀ ਨੂੰ ਜਨਤਕ ਕਰਨ ਤੋਂ ਬਾਅਦ ਅਸੀਂ ਆਪਣੇ ਅੰਤਰਿਮ ਸੀਈਓ ਨੂੰ ਯੂਨੀਵਰਸਿਟੀ ਫਾਈਲ ਉੱਤੇ ਹਰ ਤਰ੍ਹਾਂ ਦੇ ਵਿੱਤੀ ਤੇ ਕਾਂਟਰੈਕਟ ਸਬੰਧੀ ਲੈਣ ਦੇਣ ਦੀ ਫੌਰੈਂਸਿਕ ਜਾਂਚ ਕਰਵਾਉਣ ਦੇ ਹੁਕਮ ਵੀ ਦਿੱਤੇ।

ਅਖੀਰ ਵਿੱਚ ਉਨ੍ਹਾਂ ਆਖਿਆ ਕਿ ਇਹ ਅਹਿਮ ਕਦਮ ਜ਼ਰੂਰ ਹਨ ਪਰ ਇਹ ਸਾਡੇ ਵੱਲੋਂ ਚੁੱਕੇ ਜਾਣ ਵਾਲੇ ਆਖਰੀ ਕਦਮ ਨਹੀਂ ਹੋਣਗੇ। ਅਸੀਂ ਆਪਣੇ ਕੁਲੀਗਜ਼ ਨੂੰ ਟੈਕਸਦਾਤਾਵਾਂ ਵੱਲੋਂ ਉਨ੍ਹਾਂ ਵਿੱਚ ਪ੍ਰਗਟਾਏ ਭਰੋਸੇ ਬਾਰੇ ਸਮੇਂ ਸਮੇਂ ਉੱਤੇ ਚੇਤੇ ਕਰਵਾਉਂਦੇ ਰਹਾਂਗੇ।

# ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 7 ਮਾਰਚ (ਪੋਸਟ ਬਿਊਰੋ) : ਸੋਮਵਾਰ ਦੇਰ ਰਾਤ ਸਿਟੀ ਦੇ ਉੱਤਰ ਵੱਲ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਏ ਇੱਕ ਵਿਅਕਤੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਲਾਅਰੈਂਸ ਐਵਨਿਊ ਵੈਸਟ ਦੇ ਉੱਤਰ ਵੱਲ ਸਥਿਤ ਡਫਰਿਨ ਸਟਰੀਟ ਉੱਤੇ ਰਾਤੀਂ 8:00 ਵਜੇ ਤੋਂ ਬਾਅਦ ਵਾਪਰੀ। ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਦੂਜੇ ਵਿਅਕਤੀ ਵੱਲੋਂ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ।

ਅਜੇ ਤੱਕ ਇਹ ਪਤਾ ਨਹੀਂ ਲੱਗਿਆ ਹੈ ਕਿ ਦੂਜੇ ਵਿਅਕਤੀ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲਿਆ ਗਿਆ ਹੈ ਜਾਂ ਨਹੀਂ। ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਕਾਊਂਸਲਰ ਕੈਂਪ 19 ਮਾਰਚ ਨੂੰ ਮਿਸੀਸਾਗਾ ਵਿੱਚ

...ਪੰਨਾ 1 ਦਾ ਬਾਕੀ

ਬਿਨੈਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਕੰਮਾਂ ਲਈ ਲੋੜੀਂਦੇ ਦਸਤਾਵੇਜ਼ਾਂ ਅਤੇ ਉਨ੍ਹਾਂ ਉੱਤੇ ਲੱਗਣ ਵਾਲੀ ਫੀਸ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਹੇਠ ਦਿੱਤੇ ਲਿੰਕਸ ਉੱਤੇ ਜਾਣ :

ਲਿੰਕ 1 : https://www.cgitoronto.gov.in/

ਲਿੰਕ 2 : https://www.blsindia-canada.com/toronto-jurisdiction/index.php

4. ਅਰਜ਼ੀਆਂ ਉਸ ਸੂਰਤ ਵਿੱਚ ਹੀ ਸਵੀਕਾਰੀਆਂ ਜਾਣਗੀਆਂ ਜੇ ਉਨ੍ਹਾਂ ਨਾਲ ਸਾਰੇ ਦਸਤਾਵੇਜ਼ ਤੇ ਫਾਰਮ ਜਮ੍ਹਾਂ ਕਰਵਾਏ ਜਾਣਗੇ। ਬਿਨੈਕਾਰਾਂ ਨੂੰ ਸਾਰੇ ਦਸਤਾਵੇਜ਼ਾਂ ਦੀਆਂ ਅਸਲ ਤੇ ਫੋਟੋਕਾਪੀਆਂ ਅਤੇ ਫਾਰਮ ਉੱਤੇ ਦੱਸੇ ਗਏ ਲਿੰਕਸ ਅਨੁਸਾਰ ਜਮ੍ਹਾਂ ਕਰਵਾਉਣੇ ਹੋਣਗੇ। ਕਿਸੇ ਵੀ ਦਸਤਾਵੇਜ਼ ਦੀ ਸੌਫਟ ਕਾਪੀ ਸਵੀਕਾਰੀ ਨਹੀਂ ਜਾਵੇਗੀ।

5. ਕੈਂਪ ਉੱਤੇ ਕੋਵਿਡ-19 ਸਬੰਧੀ ਸਾਰੀਆਂ ਗਾਈਡਲਾਈਨਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

# ਸੰਭਾਵੀ ਖਤਰੇ ਕਾਰਨ ਬਰੈਂਪਟਨ ਦਾ ਸਕੂਲ ਕੀਤਾ ਗਿਆ ਬੰਦ, ਪੰਜ ਗ੍ਰਿਫਤਾਰ




ਬਰੈਂਪਟਨ, 7 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਸਕੂਲ ਨੂੰ ਸੰਭਾਵੀ ਖਤਰੇ ਨੂੰ ਵੇਖਦਿਆਂ ਹੋਇਆਂ ਬੰਦ ਕਰ ਦਿੱਤਾ ਗਿਆ ਤੇ ਪੀਲ ਪੁਲਿਸ ਵੱਲੋਂ ਪੰਜ ਨੌਜਵਾਨਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ।

ਸੋਮਵਾਰ ਨੂੰ ਜਾਂਚਕਾਰਾਂ ਨੂੰ ਦੁਪਹਿਰੇ 2:30 ਵਜੇ ਤੋਂ ਪਹਿਲਾਂ ਸੈਂਡਲਵੁੱਡ ਪਾਰਕਵੇਅ ਵੈਸਟ ਨੇੜੇ ਚਿੰਗੁਆਕਸੇ ਰੋਡ ਉੱਤੇ ਫਲੈਚਰਜ਼ ਮੀਡੋਅ ਸੈਕੰਡਰੀ ਸਕੂਲ ਸੱਦਿਆ ਗਿਆ। ਸਕੂਲ ਨੂੰ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਲਾਕਡਾਊਨ ਹਟਾ ਦਿੱਤਾ ਗਿਆ।

ਅਜੇ ਤੱਕ ਕਿਸੇ ਵਿਅਕਤੀ ਖਿਲਾਫ ਚਾਰਜਿਜ਼ ਨਹੀਂ ਲਾਏ ਗਏ ਹਨ। ਖਤਰਾ ਕਿਹੋ ਜਿਹਾ ਸੀ ਇਸ ਬਾਰੇ ਵੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ ਤੇ ਨਾ ਹੀ ਕਿਸੇ ਦੇ ਜ਼ਖ਼ਮੀ ਹੋਣ ਦੀ ਹੀ ਕੋਈ ਖਬਰ ਹੈ।















## ਅੱਜ ਨਾਮਾ

ਬੀਬੀ ਭੱਠਲ ਸੀ ਦਿੱਤਾ ਬਿਆਨ ਤਕੜਾ,
ਉੱਠਿਆ ਨਵਾਂ ਸੀ ਇੱਕ ਵਿਵਾਦ ਬੇਲੀ।
ਕਿਸੇ ਨੇ ਆਖਿਆ ਕੱਚੀ ਆ ਗੱਲ ਕੀਤੀ,
ਮਿਲਣੀ ਆਗੂ ਨਾ ਕਿਸੇ ਤੋਂ ਦਾਦ ਬੇਲੀ।
ਕਿਸੇ ਕਿਹਾ ਤਜਵੀਜ਼ ਨਾ ਅਮਲ ਵਾਲੀ,
ਵਾਧੂ ਕਰੋ ਨਹੀਂ ਵਕਤ ਬਰਬਾਦ ਬੇਲੀ।
ਕਹਿੰਦਾ ਕੋਈ ਨਤੀਜੇ ਨੂੰ ਆਉਣ ਪਿੱਛੋਂ,
ਕਰਨੀ ਗੱਲ ਇਹ ਕਿਸੇ ਨਾ ਯਾਦ ਬੇਲੀ।
ਭੱਠਲ ਬੀਬੀ ਵੀ ਭਲਾ ਕਿਉਂ ਬੋਲਦੀ ਨਾ,
ਹਰ ਕੋਈ ਜਾਂਦਾ ਜੇ ਤੀਰ ਚਲਾਈ ਬੇਲੀ।
ਮੰਨਦਾ ਕੋਈ ਜਾਂ ਕਰੇ ਕੋਈ ਰੱਦ ਇਹਨੂੰ,
ਬੀਬੀ ਮੀਡੀਏ ਅੰਦਰ ਫਿਰ ਛਾਈ ਬੇਲੀ।

**ਤੀਸ ਮਾਰ ਖਾਂ**

# ਰੂਸ-ਯੂਕਰੇਨ ਜੰਗ ਵਿਚਾਲੇ ਪੁਤਿਨ ਦੇ ਪਿੱਛੇ ਖੜੇ ਮੋਦੀ ਦੀ 21 ਸਾਲ ਪੁਰਾਣੀ ਫੋਟੋ ਵਾਇਰਲ

ਨਵੀਂ ਦਿੱਲੀ, 7 ਮਾਰਚ, (ਪੋਸਟ ਬਿਊਰੋ)- ਰੂਸ ਤੇ ਯੂਕਰੇਨ ਵਿਚਾਲੇ ਜਾਰੀ ਜੰਗ ਦੇਅੱਜ 12ਵੇਂ ਦਿਨ ਰੂਸੀ ਫ਼ੌਜ ਵੱਲੋਂ ਲਗਾਤਾਰ ਹਮਲੇ ਹੋਣ ਨਾਲਵੱਡੀ ਗਿਣਤੀ ਲੋਕ ਮਾਰੇ ਗਏ ਹਨ। ਇਸ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ21 ਸਾਲ ਪੁਰਾਣੀ ਫੋਟੋ ਵਾਇਰਲ ਹੋਈ ਹੈ।

ਵਾਇਰਲ ਹੋਈ ਫੋਟੋਵਿੱਚਸਾਲ 2001 ਵਿੱਚ ਭਾਰਤ ਦੇ ਓਦੋਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਕੁਰਸੀਆਂ ਉੱਤੇ ਬੈਠੇ ਹਨ। ਦੋਵਾਂ ਨੇਤਾਵਾਂ ਵਿਚਾਲੇ ਮੀਟਿੰਗ ਚੱਲਦੀ ਤੋਂ ਪਿੱਛੇ ਓਦੋਂ ਦੇ ਭਾਰਤ ਦੇ ਵਿਦੇਸ਼ ਮੰਤਰੀ ਜਸਵੰਤ ਸਿੰਘ ਤੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੜੇ ਨਜ਼ਰ ਆ ਰਹੇ ਹਨ।ਨਰਿੰਦਰ ਮੋਦੀ ਓਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ। ਦੋ ਦਹਾਕੇ ਪੁਰਾਣੀ ਫੋਟੋਨੂੰ ਲੋਕ ਇਤਿਹਾਸਕ ਦੱਸਦੇ ਹਨ। ਇਹ ਫੋਟੋ ਓਦੋਂ ਵਾਇਰਲ ਹੋਈ ਹੈ, ਜਦੋਂ ਯੂਕਰੇਨ ਉੱਤੇਰੂਸ ਹਮਲੇ ਕਰ ਰਿਹਾ ਹੈ ਅਤੇ ਦੁਨੀਆ ਦੀਆਂ ਨਜ਼ਰਾਂ ਇਸ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲ ਹਨ, ਜਿਹੜਾ ਓਥੇ ਫਸੇ ਆਪਣੇ ਨਾਗਰਿਕਾਂ ਨੂੰ ਕੱਢ ਰਿਹਾ ਹੈ।

21 ਸਾਲ ਪਹਿਲਾਂ ਜਦੋਂ ਅਟਲ ਬਿਹਾਰੀ ਵਾਜਪਾਈ ਅਤੇ



ਵਲਾਦੀਮੀਰ ਪੁਤਿਨ ਮਿਲੇ ਸਨ, ਉਸ ਸਮੇਂ ਵਲਾਦੀਮੀਰ ਪੁਤਿਨ ਨੇ ਸੋਚਿਆ ਨਹੀਂ ਹੋਣਾ ਕਿ ਪਿੱਛੇ ਖੜਾ ਵਿਅਕਤੀਇੱਕ ਦਿਨ ਤਾਕਤਵਰ ਨੇਤਾ ਵਜੋਂ ਉਭਰੇਗਾ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਲਾਦੀਮੀਰ ਪੁਤਿਨ ਵਿਚਾਲੇ ਚੰਗੀ ਦੋਸਤੀ ਬਾਰੇ ਦੁਨੀਆ ਜਾਣਦੀ ਹੈ। ਸਾਲ 2001 ਦੀ ਰੂਸਵਿੱਚਵਲਾਦੀਮੀਰ ਪੁਤਿਨ ਨਾਲ ਉਹ ਮਿਲਣੀ ਪ੍ਰਧਾਨ ਮੰਤਰੀ ਮੋਦੀ ਵੀ ਨਹੀਂ ਭੁੱਲੇ। ਸਾਲ 2019ਵਿੱਚ ਜਦੋਂ 20ਵੇਂ ਭਾਰਤ-ਰੂਸ ਸੰਮੇਲਨ ਲਈ ਉਹ ਮਾਸਕੋ ਗਏ ਤਾਂ ਉਨ੍ਹਾਂ ਨੇ 4 ਫੋਟੋ ਟਵੀਟ ਕੀਤੀਆਂ ਸਨ। ਦੋ ਫੋਟੋ 2001 ਦੀਆਂ ਸਨ।

# ਚੀਨ ਵੱਲੋਂ ਨਵੇਂ ਪੇਚੇ ਦੇ ਸੰਕੇਤ: ਤਾਈਵਾਨ ਨੂੰ ਆਪਣਾ ਅਨਿੱਖੜਵਾਂ ਅੰਗ ਕਹਿ ਕੇ 'ਮਾਤ ਭੂਮੀ ਦੀਆਂ ਬਾਹਾਂ ਵਿੱਚ' ਲਿਆਉਣ ਦੀ ਗੱਲ ਕਹੀ

ਬੀਜਿੰਗ, 7 ਮਾਰਚ, (ਪੋਸਟ ਬਿਊਰੋ)- ਯੂਕਰੇਨ ਉੱਤੇਰੂਸੀ ਹਮਲੇ ਦੇ ਦੌਰਾਨ ਸ਼ੱਕਕੀਤਾ ਜਾ ਰਿਹਾ ਹੈ ਕਿ ਤਾਈਵਾਨਵਿੱਚਇਹੀ ਹਮਲਾਵਰ ਕਾਰਵਾਈਚੀਨ ਵੀ ਕਰ ਸਕਦਾ ਹੈ। ਇਸ ਦੀ ਚਰਚਾ ਦੌਰਾਨ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦਾ ਬਿਆਨ ਆਇਆ ਹੈ।ਉਨ੍ਹਾ ਕਿਹਾ ਕਿ ਚੀਨ ਦਾ ਅਨਿੱਖੜਵਾਂ ਅੰਗ ਤਾਈਵਾਨ ਆਖਰ ਮਾਤ ਭੂਮੀ ਦੀਆਂ ਬਾਹਾਂ ਵਿਚ ਵਾਪਸ ਆ ਜਾਵੇਗਾ। ਇਸ ਬਿਆਨ ਨੇ ਕੌਮਾਂਤਰੀ ਸਿਆਸੀ ਮਾਹੌਲ ਹੋਰ ਗਰਮਾ ਦਿੱਤਾ ਹੈ। ਨਿਊਜ਼ ਏਜੰਸੀ ਆਈਏਐਨਐੱਸ ਦੀ ਰਿਪੋਰਟ ਮੁਤਾਬਕ ਚੀਨੀ ਵਿਦੇਸ਼ ਮੰਤਰੀ ਨੇ ਕਿਹਾਕਿ ਅਮਰੀਕਾ ਪੱਖੀ ਕੁਝ ਤਾਕਤਾਂ ਤਾਈਵਾਨ ਦੀ ਆਜ਼ਾਦੀ ਦੀ ਵਕਾਲਤ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਦੇਂਦੀਆਂ ਹਨ। ਇਹ 'ਇੱਕ ਚੀਨ' ਦੀ ਨੀਤੀ ਲਈ ਚੁਣੌਤੀਆਂ ਪੇਸ਼ ਕਰਦਾ ਹੈ। ਵਾਂਗ ਯੀ ਨੇ ਕਿਹਾ ਕਿ ਚੀਨ ਨੂੰ ਕੰਟਰੋਲ ਕਰਨ ਦੇ ਲਈ ਤਾਈਵਾਨ ਦੀ ਵਰਤੋਂ ਕਰਨ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਣਗੀਆਂ ਅਤੇ ਅਮਰੀਕਾ ਦੇ ਵਧਦੇ ਦਬਾਅ ਦੇ ਖ਼ਿਲਾਫ਼ ਚੀਨ ਆਪਣੀ ਪ੍ਰਭੂਸੱਤਾ ਦੀ ਰਾਖੀ ਮਜ਼ਬੂਤੀ ਨਾਲ ਕਰੇਗਾ। ਚੀਨ ਇਸ ਦੇ ਲਈ ਹਰ ਸੰਭਵ ਕਦਮ ਚੁੱਕਣ ਲਈ ਤਿਆਰ ਹੈ। ਦੂਸਰੇ ਪਾਸੇ ਤਾਈਵਾਨ ਦੇ ਵਿਦੇਸ਼ ਮੰਤਰੀ ਦਾ ਕਹਿਣਾ ਹੈ ਕਿ ਰੂਸੀ ਹਮਲਾਵਰਾਂ ਖਿਲਾਫ ਲੜਦੇ ਯੂਕਰੇਨੀਆਂ ਨੇ ਤਾਈਵਾਨ ਦੇ ਲੋਕਾਂ ਨੂੰ ਪ੍ਰੇਰਤ ਕੀਤਾ ਹੈ। ਨਿਊਜ਼ ਏਜੰਸੀ ਰਾਇਟਰਜ਼ ਦੇ ਮੁਤਾਬਕ ਜੋਸੇਫ ਵੂ ਨੇ ਕਿਹਾ ਕਿ ਵੱਡੇ ਦੇਸ਼ ਦੇ ਹਮਲੇ ਦੇ ਬਾਵਜੂਦ ਯੂਕਰੇਨ ਦੀ ਸਰਕਾਰ ਤੇ ਲੋਕ ਬੇਹੱਦ ਹਿੰਮਤ ਤੇ ਦ੍ਰਿੜ੍ਹ ਇਰਾਦੇ ਨਾਲ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਤੁਸੀਂ (ਯੂਕਰੇਨੀਅਨ) ਵੀ ਤਾਈਵਾਨ ਦੇ ਲੋਕਾਂ ਲਈ ਤਾਨਾਸ਼ਾਹੀ ਧਮਕੀਆਂ ਅਤੇ ਜ਼ਬਰਦਸਤੀ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਹੋ। ਤਾਈਵਾਨ ਇਸ ਸੰਕਟ ਵਿਚ ਯੂਕਰੇਨ ਦੇ ਨਾਲ ਖੜਾ ਹੈ।

# ਭਾਰੀ ਬੰਬਾਰੀ ਕਾਰਨ ਯੂਕਰੇਨ ਵਿੱਚ ਹਾਲਾਤ ਹੋਰ ਵਿਗੜੇ

## * ਰੂਸ ਨੇ ਨਵਾਂ ਕਾਰੀਡੋਰ ਬਣਾਇਆ, ਯੂਕਰੇਨ ਨੇ ਨਕਾਰਿਆ

ਕੀਵ, 7 ਮਾਰਚ, (ਪੋਸਟ ਬਿਊਰੋ)- ਅੱਜ ਸੋਮਵਾਰ ਨੂੰ ਯੂਕਰੇਨ ਦੇ ਵੱਡੇ ਇਲਾਕੇ ਵਿੱਚਰੂਸ ਦੇ ਟੈਂਕ ਆਮ ਤੌਰ ਉੱਤੇ ਸ਼ਾਂਤ ਰਹੇ ਤੇ ਅਸਮਾਨਵਿੱਚ ਵੀ ਜੰਗੀ ਜਹਾਜ਼ਾਂ ਦੀ ਗੂੰਜ ਸੁਣਾਈ ਨਹੀਂ ਦਿੱਤੀ ਤਾਂ ਸ਼ਹਿਰਾਂਵਿੱਚ ਹਵਾਈ ਹਮਲੇ ਤੋਂ ਲੋਕਾਂ ਨੂੰ ਸਾਵਧਾਨ ਕਰਦੇ ਸਾਇਰਨ ਦੀ ਆਵਾਜ਼ ਤੋਂ ਵੀ ਲੋਕ ਬੇਚੈਨ ਨਹੀਂ ਹੋਏ, ਪਰ ਰਾਤ ਪੈਂਦੇ ਸਾਰ ਸ਼ੰਕੇ ਮੁੜ ਸਿਰ ਚੁੱਕਣ ਲੱਗ ਪਏ, ਭਾਵੇਂ ਹਮਲੇ ਦੀਆਂ ਦਹਿਸ਼ਤ ਵਾਲੀਆਂ ਸੂਚਨਾਵਾਂ ਹਾਲੇ ਕੋਈ ਨਹੀਂ ਆਈਆਂ।



ਇਸ ਦੌਰਾਨ ਰੂਸ ਨੇ ਜੰਗੀ ਖੇਤਰਵਿੱਚ ਫਸੇ ਯੂਕਰੇਨੀ ਲੋਕਾਂ ਨੂੰ ਕੱਢਣ ਲਈਅੱਜ ਸੋਮਵਾਰ ਨੂੰਨਵਾਂ ਕਾਰੀਡੋਰ ਬਣਾਉਣ ਦਾ ਐਲਾਨ ਕੀਤਾ, ਜਿਹੜਾਯੂਕਰੇਨੀ ਸ਼ਹਿਰਾਂ ਤੋਂ ਰੂਸ ਤੇ ਉਸ ਦੇ ਸਹਿਯੋਗੀ ਦੇਸ਼ ਬੇਲਾਰੂਸ ਤਕ ਲੋਕਾਂ ਨੂੰ ਲੈ ਜਾਵੇਗਾ, ਪਰ ਯੂਕਰੇਨ ਸਰਕਾਰ ਨੇ ਇਸ ਕਾਰੀਡੋਰਤੋਂ ਲੋਕਾਂ ਨੂੰ ਦੇਸ਼ ਤੋਂ ਕੱਢਣਨੂੰ ਰੱਦ ਕੀਤਾ ਹੈ।ਯੂਕਰੇਨ ਨੇ ਇਸ ਨੂੰ ਰੂਸ ਦਾ ਅਨੈਤਿਕ ਦਿਖਾਵਾ ਕਿਹਾ ਹੈ।ਯੂਕਰੇਨ ਦੇ ਮਾਰੀਪੋਲ ਸ਼ਹਿਰਵਿੱਚ ਭੋਜਨ ਤੇ ਪਾਣੀ ਦੀ ਘਾਟ ਝੱਲਦੇ ਲੋਕ ਪਿਛਲੇ ਕਈ ਦਿਨਾਂ ਤੋਂ ਘਰਾਂਵਿੱਚ ਕੈਦ ਹਨ। ਇੱਥੇ ਰੂਸ ਦੀ ਗੋਲ਼ਾਬਾਰੀ ਨਾਲ ਲੋਕਾਂ ਦੀ ਹਾਲਤ ਖ਼ਰਾਬ ਹੈ ਤੇ ਉਹ ਘਰ ਛੱਡ ਕੇ ਜਾਣਾ ਚਾਹੁੰਦੇ ਹਨ, ਪਰ ਬਾਹਰ ਹੁੰਦੀ ਗੋਲ਼ਾਬਾਰੀ ਕਾਰਨ ਨਿਕਲ ਨਹੀਂ ਸਕੇ। ਸੋਮਵਾਰ ਸਵੇਰੇ ਜੰਗਬੰਦੀ ਕਰ ਕੇ ਨਵਾਂ ਕਾਰੀਡੋਰ ਖੋਲ੍ਹਿਆ ਗਿਆ ਤਾਂ ਇਸ ਤੋਂ ਰਾਜਧਾਨੀ ਕੀਵ, ਖਾਰਕੀਵ, ਸੂਮੀ ਤੇ ਮਾਰੀਪੋਲ ਦੇ ਲੋਕ ਨਿਕਲ ਸਕਦੇ ਸਨ। ਸੂਮੀ ਸ਼ਹਿਰ ਵਿੱਚਵੱਡੀ ਗਿਣਤੀਭਾਰਤੀ ਵਿਦਿਆਰਥੀ ਵੀ ਹਨ।ਰੂਸੀ ਖਬਰ ਏਜੰਸੀ ਆਰਆਈਏ ਵੱਲੋਂਜਾਰੀ ਕੀਤੇ ਕਾਰੀਡੋਰ ਦੇ ਨਕਸ਼ੇ ਮੁਤਾਬਕ ਕੀਵ ਤੋਂ ਨਿਕਲੇ ਲੋਕਾਂ ਨੂੰ ਬੇਲਾਰੂਸ ਜਾਣ ਅਤੇ ਖਾਰਕੀਵ ਦੇ ਲੋਕਾਂ ਨੂੰ ਰੂਸ ਜਾਣ ਦੀ ਖੁੱਲ੍ਹਦਿੱਤੀ ਗਈ ਹੈ।ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਦੇ ਬੁਲਾਰੇ ਨੇ ਰੂਸ ਦੇ ਇਸ ਕਦਮ ਨੂੰ ਪੂਰੀ ਤਰ੍ਹਾਂ ਅਨੈਤਿਕ ਕਰਾਰ ਦੇ ਕੇ ਕਿਹਾ ਕਿਰੂਸ ਇਨ੍ਹਾਂ ਲੋਕਾਂ ਦੀ ਵਰਤੋਂ ਟੈਲੀਵਿਜ਼ਨ ਨਿਊਜ਼ ਫੁਟੇਜਵਿੱਚ ਕਰਨਾ ਚਾਹੁੰਦਾ ਹੈ,ਯੂਕਰੇਨ ਦੇ ਲੋਕ ਆਪਣੀ ਇੱਛਾ ਨਾਲ ਕਿੱਥੇ ਜਾਣਗੇ, ਇਹ ਤੈਅ ਕਰਨਾ ਉਨ੍ਹਾਂ ਦਾ ਹੱਕ ਹੈ।ਵਰਨਣ ਯੋਗ ਹੈ ਕਿ ਅੱਜ ਸੋਮਵਾਰ ਤਕ ਯੂਕਰੇਨ ਤੋਂ 15 ਲੱਖ ਤੋਂ ਵੱਧ ਲੋਕ ਨਿਕਲ ਕੇ ਗੁਆਂਢੀ ਦੇਸ਼ਾਂਵਿੱਚ ਜਾ ਚੁੱਕੇ ਹਨ। ਸਭ ਤੋਂ ਵੱਧ ਲੋਕ ਪੋਲੈਂਡ ਗਏ ਹਨ। ਇਸ ਦੌਰਾਨ ਮੀਕੋਲਈਵ ਸ਼ਹਿਰਵਿੱਚ ਸੋਮਵਾਰ ਨੂੰ ਭਾਰੀ ਬੰਬਾਰੀ ਦੀ ਖ਼ਬਰ ਹੈ।

# ਮੋਦੀ ਵੱਲੋਂ ਐਲਾਨ: ਪ੍ਰਾਈਵੇਟ ਮੈਡੀਕਲ ਕਾਲਜਾਂ ਵਿਚ ਅੱਧੀਆਂ ਸੀਟਾਂ ਉੱਤੇ ਫੀਸ ਸਰਕਾਰੀ ਫ਼ੀਸ ਜਿੰਨੀ ਹੋਵੇਗੀ

ਨਵੀਂ ਦਿੱਲੀ, 7 ਮਾਰਚ, (ਪੋਸਟ ਬਿਊਰੋ)- ਮੈਡੀਕਲ ਕੋਰਸ ਦੀ ਇੱਛਾ ਰੱਖਦੇ ਲੱਖਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਭਾਰਤਵਿੱਚ ਮੈਡੀਕਲ ਜਾਂ ਹੋਰ ਕੋਰਸ ਦੀ ਪੜ੍ਹਾਈ ਲਈ ਆਪਣੀ ਜੇਬ ਖਾਲੀ ਨਹੀਂ ਕਰਨੀ ਪਵੇਗੀ। ਜੇਕਿਸੇ ਮੈਡੀਕਲ ਕਾਲਜਵਿੱਚ ਦਾਖ਼ਲਾ ਨਹੀਂ ਮਿਲਦਾ ਤਾਂ ਲੋਕ ਓਨੀ ਹੀ ਫੀਸਵਿੱਚ ਕਿਸੇ ਪ੍ਰਾਈਵੇਟ ਮੈਡੀਕਲ ਕਾਲਜ ਤੋਂ ਐੱਮ ਬੀ ਬੀ ਐੱਸ ਦੀ ਡਿਗਰੀ ਕਰ ਸਕਦੇ ਹਨ, ਜਿਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫ਼ੈਸਲਾ ਲਿਆ ਹੈ।

ਪ੍ਰਧਾਨ ਮੰਤਰੀ ਦਫ਼ਤਰ ਨੇ ਇਸ ਬਾਰੇ ਟਵੀਟ ਦੱਸਿਆ ਹੈ ਕਿ 'ਕੁਝ ਦਿਨ ਪਹਿਲਾਂ ਸਰਕਾਰ ਨੇ ਇੱਕ ਹੋਰ ਵੱਡਾ ਫ਼ੈਸਲਾ ਲਿਆ ਹੈ, ਜਿਸ ਦਾ ਲਾਭ ਗਰੀਬ ਅਤੇ ਮੱਧ ਵਰਗ ਦੇ ਬੱਚਿਆਂ ਨੂੰ ਮਿਲੇਗਾ। ਅਸੀਂ ਤੈਅ ਕੀਤਾ ਹੈ ਕਿ ਪ੍ਰਾਈਵੇਟ ਮੈਡੀਕਲ ਕਾਲਜਾਂਵਿੱਚ ਅੱਧੀਆਂ ਸੀਟਾਂ ਉੱਤੇ ਸਰਕਾਰੀ ਮੈਡੀਕਲ ਕਾਲਜ ਜਿੰਨੀ ਫੀਸ ਲੱਗੇਗੀ। ਕੇਂਦਰ ਸਰਕਾਰ ਵੱਲੋਂ ਮੈਡੀਕਲ ਫ਼ੀਸ ਬਾਰੇ ਨਵਾਂ ਫ਼ੈਸਲਾ ਲੈਣਮਗਰੋਂ ਨੈਸ਼ਨਲ ਮੈਡੀਕਲ ਕਮੀਸ਼ਨ ਨੇ ਗਾਈਡਲਾਈਨ ਤਿਆਰ ਕਰ ਲਈ ਹੈ ਤਾਂ ਕਿ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਸਾਹ ਸੌਖਾ ਹੋ ਸਕੇ। ਵਰਨਣ ਯੋਗ ਹੈ ਕਿ ਰੂਸ-ਯੂਕਰੇਨ ਜੰਗ ਵਿਚ ਜਿੱਥੇ ਦੋਵਾਂ ਦੇਸ਼ਾਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ, ਓਥੇਯੂਕਰੇਨਵਿੱਚ ਮੈਡੀਕਲ ਦੀ ਪੜ੍ਹਾਈ ਲਈ ਗਏ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਦਾਅ ਉੱਤੇ ਲੱਗ ਗਿਆ ਹੈ।

## * ਯੂਕਰੇਨ ਵਿੱਚ ਗੋਲੀ ਨਾਲ ਜ਼ਖਮੀ ਹਰਜੋਤ ਦਿੱਲੀ ਪਹੁੰਚਿਆ



ਇਸ ਦੌਰਾਨ ਯੂਕਰੇਨਦੀ ਜੰਗ ਦੌਰਾਨ ਗੋਲੀ ਲੱਗਣ ਨਾਲ ਜ਼ਖਮੀ ਹੋਇਆ ਦਿੱਲੀ ਦੇ ਛੱਤਰਪੁਰ ਐਕਸਟੈਂਸ਼ਨ ਦਾ ਵਸਨੀਕ ਹਰਜੋਤ ਸਿੰਘ (31) ਅੱਜ ਸੋਮਵਾਰ ਦਿੱਲੀਆ ਗਿਆ।ਇਸ ਬਾਰੇ ਕੇਂਦਰੀ ਮੰਤਰੀ ਜਨਰਲ ਵੀਕੇ ਸਿੰਘ ਨੇ ਅੱਜ ਟਵੀਟ ਵਿਚਦੱਸਿਆ ਕਿ ਏਅਰ ਫੋਰਸ ਸੀ-17 ਸਾਰੇ 205 ਭਾਰਤੀ ਵਿਦਿਆਰਥੀਆਂ ਨਾਲ ਹਿੰਡਨ ਏਅਰਬੇਸ ਉੱਤੇ ਉਤਰਿਆ ਹੈ, ਜਿਸ ਵਿੱਚ ਹਰਜੋਤ ਵੀ ਹੈ।ਉਸ ਨੂੰ ਇਲਾਜ ਲਈ ਆਰਮੀ ਹਸਪਤਾਲ ਭੇਜਿਆ ਗਿਆ ਹੈ।

# ਰੂਸ ਦੀ ਨਿੰਦਾ ਲਈ ਦਬਾਅ ਪਾਉਣ ਤੋਂ ਇਮਰਾਨ ਖਾਨ ਭੜਕਿਆ

## * ਪੱਛਮੀ ਦੇਸ਼ਾਂ ਉੱਤੇ ਪਾਕਿ ਨਾਲ ਗੁਲਾਮਾਂ ਵਰਗੇ ਸਲੂਕ ਦਾ ਦੋਸ਼ ਲਾਇਆ

ਇਸਲਾਮਾਬਾਦ, 7 ਮਾਰਚ, (ਪੋਸਟ ਬਿਊਰੋ)- ਯੂਕਰੇਨ ਉੱਤੇ ਹਮਲੇ ਦੇ ਮਾਮਲੇਵਿੱਚਰੂਸ ਖ਼ਿਲਾਫ਼ ਯੂ ਐੱਨ ਜਨਰਲ ਅਸੈਂਬਲੀ ਦੇ ਨਿੰਦਾ ਮਤੇਵਿੱਚ ਸ਼ਾਮਲ ਹੋਣ ਲਈ ਦਬਾਅ ਬਣਾਉਣ ਉੱਤੇਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪੱਛਮੀ ਦੇਸ਼ਾਂ ਦੇ ਡਿਪਲੋਮੇਟਾਂ ਉੱਤੇ ਹਮਲਾ ਕੀਤਾ ਤੇ ਗ਼ੁਲਾਮਾਂ ਵਾਂਗ ਸਲੂਕ ਕਰਨ ਦਾ ਦੋਸ਼ ਲਾਇਆ ਹੈ।

ਆਰਟੀ ਨਿਊਜ਼ ਦੇ ਮੁਤਾਬਕ ਇਮਰਾਨ ਖਾਨ ਨੇ ਬੀਤੇ ਐਤਵਾਰ ਪੰਜਾਬਵਿੱਚਇੱਕ ਰੈਲੀਵਿੱਚ 22 ਦੇਸ਼ਾਂ ਦੇ ਡਿਪਲੋਮੇਟਾਂਵੱਲੋਂ ਪਹਿਲੀ ਮਾਰਚ ਨੂੰ ਭੇਜੇ ਪੱਤਰ ਉੱਤੇ ਜਵਾਬੀ ਹਮਲਾ ਕੀਤਾ, ਜਿਸਵਿੱਚ ਪਾਕਿਸਤਾਨ ਨੂੰ ਨਿਰਪੱਖਤਾ ਨੂੰ ਛੱਡ ਕੇ ਰੂਸੀ ਕਾਰਵਾਈ ਦੀ ਨਿਖੇਧੀ ਕਰਨ ਵਾਲੇ ਦੇਸ਼ਾਂਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਸੀ। ਇਮਰਾਨ ਨੇ ਕਿਹਾ: 'ਤੁਸੀਂ ਸਾਨੂੰ ਸਮਝਦੇ ਕੀ ਹੋ? ਕੀ ਅਸੀਂ ਤੁਹਾਡੇ ਗ਼ੁਲਾਮ ਹਾਂ ਕਿ ਤੁਸੀਂ ਜੋ ਕਹੋਗੇ, ਅਸੀਂ ਕਰਾਂਗੇ।' ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਯੂਰਪੀ ਯੂਨੀਅਨ ਦੇ ਡਿਪਲੋਮੈਟਾਂ ਤੋਂ ਪੁੱਛਿਆ, 'ਕੀ ਤੁਸੀਂ ਅਜਿਹਾ ਪੱਤਰ ਭਾਰਤ ਨੂੰ ਲਿਖਿਆ ਹੈ, ਜੋ ਪਾਕਿਸਤਾਨ ਵਾਂਗ ਨਿਰਪੱਖਹੈ।'ਇਮਰਾਨ ਖਾਨ ਨੇ ਦਾਅਵਾ ਕੀਤਾ ਕਿ ਅਫ਼ਗਾਨਿਸਤਾਨਵਿੱਚ ਨਾਟੋ ਦੀ ਫ਼ੌਜੀ ਕਾਰਵਾਈ ਦਾ ਸਮੱਰਥਨ ਕਰ



ਕੇ ਪਾਕਿਸਤਾਨ ਪਹਿਲਾਂ ਕਾਫ਼ੀ ਨੁਕਸਾਨ ਝੱਲ ਚੁੱਕਾ ਹੈ। ਉਨ੍ਹਾਂ ਕਿਹਾ ਕਿ 'ਅਸੀਂ ਰੂਸ ਦੇ ਦੋਸਤ ਹਾਂ ਤੇ ਅਮਰੀਕਾ ਦੇ ਵੀ। ਅਸੀਂ ਚੀਨ ਦੇ ਦੋਸਤ ਹਾਂਅਤੇ ਯੂਰਪ ਦੇ ਵੀ। ਅਸੀਂ ਕਿਸੇ ਧੜੇ ਨਾਲ ਨਹੀਂ ਹਾਂ। ਇਸ ਲਈ ਅਸੀਂ ਯੂਕਰੇਨ ਜੰਗ ਦੇ ਖ਼ਾਤਮੇ ਲਈ ਕੀਤੇ ਜਾ ਰਹੇ ਯਤਨਾਂਵਿੱਚ ਸ਼ਾਮਿਲ ਹੋਵਾਂਗੇ।'

ਖਬਰ ਏਜੰਸੀ ਏਐੱਨਆਈ ਮੁਤਾਬਕ ਵਿਰੋਧੀ ਪਾਰਟੀਆਂ ਨੂੰ ਚਿਤਾਵਨੀ ਦਿੰਦੇ ਹੋਏ ਇਮਰਾਨ ਖਾਨ ਨੇ ਕਿਹਾ ਕਿ ਜੇ ਉਹ ਉਸ ਦੀ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਏ ਤਾਂ ਉਸ ਦਾ ਨਤੀਜਾ ਭੁਗਤਣ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ 'ਮੈਂ ਆਪਣੇ ਸਿਆਸੀ ਵਿਰੋਧੀਆਂ ਨਾਲ ਲੜਨ ਲਈ 25 ਸਾਲ ਪਹਿਲਾਂ ਸਿਆਸਤਵਿੱਚ ਆਇਆ ਸੀ ਤੇ ਆਖਰੀ ਸਾਹ ਤੱਕ ਲੜਾਂਗਾ ਤੇ ਰਾਹ ਵਿੱਚ ਆਈ ਹਰ ਔਕੜ ਦਾ ਮੁਕਾਬਲਾ ਕਰਾਂਗਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਮਿਡਵੈਸਟ ਦੇ ਪੰਜਾਬੀਆਂ ਨੇ ਮਨਾਇਆ ਕੌਮਾਂਤਰੀ ਮਾਤ ਭਾਸ਼ਾ ਦਿਵਸ

## ਸਟੇਟ ਆਫ ਇਲੀਨੋਇ ਵਿਚ ਫਰਵਰੀ ਨੂੰ ਮਾਤ ਭਾਸ਼ਾ ਮਹੀਨਾ ਐਲਾਨਿਆ











ਸ਼ਿਕਾਗੋ: ਮਿਡਵੈਸਟ ਦੀਆਂ ਸਾਰੀਆਂ ਪੰਜਾਬੀ ਸੰਸਥਾਵਾਂ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ, ਕਲਮਾਂ ਦੇ ਅੰਗ-ਸੰਗ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਆਫ ਵਿਸਕਾਨਸਿਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ, ਸਵੇਰਾ (ਸਿੱਖ ਵੂਮੇਨ ਐਰਾ) ਮਿੱਡਵੇਸਟ ਪੰਜਾਬੀ ਐਸੋਸੀਏਸ਼ਨ ਅਤੇ ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਵਲੋਂ ਸਾਂਝੇ ਤੌਰ 'ਤੇ ਲੰਘੀ 27 ਫਰਵਰੀ ਨੂੰ ਹੋਟਲ ਮੈਰੀਅਟ ਵਿਚ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਕੌਮਾਂਤਰੀ ਮਾਤ ਭਾਸ਼ਾ ਦਿਵਸ' ਮਨਾਇਆ ਗਿਆ।

ਪ੍ਰੋਗਰਾਮ ਦਾ ਆਗਾਜ ਡਾ. ਹਰਜਿੰਦਰ ਖਹਿਰਾ ਨੇ ਦੂਰੋਂ-ਨੇੜਿਓ ਆਏ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਹਰੇਕ ਪਤਵੰਤੇ ਨੂੰ 'ਜੀ ਆਇਆ' ਆਖ ਕੇ ਕੀਤਾ। ਉਨ੍ਹਾਂ ਨੇ ਮਹਿਮਾਨਾਂ ਦਾ ਸਵਾਗਤ ਇਕ ਸ਼ੇਅਰ

ਚੰਦਨ ਸਮਾਨ ਹੋਇਆ, ਕੁਟੀਆ ਦਾ ਤੀਲਾ-ਤੀਲਾ, ਆਇਆ ਜੋ ਸਾਡੇ ਵਿਹੜੇ ਇਕ ਮਹਿਕ ਦਾ ਹੁਲਾਰਾ ਨਾਲ ਕੀਤਾ। ਮੰਚ ਸੰਚਾਲਨ ਵਿਚ ਡਾ. ਖਹਿਰਾ ਦਾ ਸਾਥ ਦੇ ਰਹੇ ਰਾਜ ਲਾਲੀ ਬਟਾਲਾ ਨੇ ਇਹ ਸ਼ੇਅਰ ਸੁਣਾ ਕੇ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ 'ਚ ਹੀ ਗੱਲਬਾਤ ਕਰਨ ਦੀ ਤਾਕੀਦ ਕੀਤੀ:

ਇਸ ਦਾ ਰੰਗ ਸੁਨਹਿਰੀ ਹੈ, ਇਹ ਗੋਰੀ ਚਿੱਟੀ ਹੈ, ਇਸ ਨੂੰ ਮੈਲੀ ਨਾ ਕਰਨਾ, ਇਹ ਮੇਰੇ ਪੰਜਾਬ ਦੀ ਮਿੱਟੀ ਹੈ।

ਸਾਰਾ ਪ੍ਰੋਗਰਾਮ ਇਕ ਰੰਗ-ਬਿਰੰਗੇ ਗੁਲਦਸਤੇ ਦੀ ਤਰ੍ਹਾਂ ਸੀ, ਜਿਸ ਵਿਚ ਪੰਜਾਬੀ ਮਾਂ ਬੋਲੀ ਨੂੰ ਜਿਉਂਦਾ ਰੱਖਣ ਲਈ ਭਾਸ਼ਣ, ਓਸ ਪਰਮ ਪਿਤਾ ਨੂੰ ਨਤਮਸਤਕ ਹੁੰਦਿਆਂ ਸ਼ਬਦ, ਹਾਸੇ ਠੱਠੇ ਲਈ ਸਕਿਟ, ਮਾਂ ਬੋਲੀ ਦੀ ਮਹਿਮਾ ਵਿਚ ਗਾਏ ਗੀਤ-ਗਜ਼ਲ, ਡਾਂਸ-ਗੱਲ ਕੀ ਪੰਜਾਬੀਆਂ ਦਾ ਹਰ ਰੰਗ ਮੌਜੂਦ ਸੀ।

ਜ਼ਿਕਰਯੋਗ ਹੈ ਕਿ 2 ਫਰਵਰੀ 1952 ਦੀ ਘਟਨਾ ਮਾਂ ਬੋਲੀ ਨਾਲ ਇਸ਼ਕ ਦਾ ਇਤਿਹਾਸਕ ਦਸਤਾਵੇਜ ਹੈ, ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ ਅਤੇ ਢਾਕਾ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੇ. ਜੋ ਉਨ੍ਹਾਂ ਸਮਿਆਂ 'ਚ ਪਾਕਿਸਤਾਨ 'ਚ 'ਉਰਦੂ' ਤੋਂ ਬਿਨਾ ਆਪਣੀ ਮਾਂ ਬੋਲੀ 'ਬੰਗਾਲੀ' ਲਈ ਮੁਜ਼ਾਹਰਾ ਕਰ ਰਹੇ ਸਨ, ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਆਪਣੀ ਮਾਂ ਬੋਲੀ ਦੀ ਹੋਂਦ ਲਈ ਕੁਰਬਾਨੀਆਂ ਦੇ ਗਏ। ਯੂ.ਐਨ.ਓ. ਨੇ ਬੰਗਾਲੀਆਂ ਦੀ ਮਾਂ ਬੋਲੀ ਨੂੰ ਲੈ ਕੇ ਕੀਤੀ ਕੁਰਬਾਨੀ ਦੀ ਇਸ ਤਾਰੀਖ਼ ਨੂੰ 'ਮਾਂ ਬੋਲੀ ਦਿਹਾਤ' ਵਜੋਂ ਅਹਿਮੀਅਤ ਦਿੱਤੀ।

ਪ੍ਰੋਗਰਾਮ ਦੀ ਸੁਰੂਆਤ ਕਰਦਿਆਂ ਦਿਨ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਕਿਹਾ ਕਿ ਜਿੱਥੇ ਚਾਹ ਹੋਵੇ, ਉਥੇ ਰਾਹ ਵੀ ਬਣ ਹੀ ਜਾਂਦੈ। ਅੱਜ ਮੇਰੀ ਫਲਾਈਟ ਸੀ ਪਰ ਕਿਸੇ ਕਾਰਨ ਉਹ ਅਗਲੇ ਦਿਨ ਦੀ ਹੋ ਗਈ ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸਬਬ ਬਣ ਗਿਆ। ਆਪਣੇ ਸੰਖੇਪ ਸ਼ਬਦਾਂ ਵਿਚ ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਬੋਲਣੀ ਤੇ ਸਿਖਾਉਣੀ ਇਸ ਲਈ ਵੀ ਜਰੂਰੀ ਹੈ ਕਿ ਪੰਜਾਬੀ ਤੋਂ ਬਿਨਾਂ ਗੁਰਬਾਣੀ ਨੂੰ ਸਹੀ ਅਰਥਾਂ ਵਿਚ ਨਹੀਂ ਸਮਝਿਆ ਜਾ ਸਕਦਾ। ਬਾਬਾ ਦਲਜੀਤ ਸਿੰਘ ਨੇ ਸਾਰੀਆਂ ਬੋਲੀਆਂ ਨੂੰ ਸਤਿਕਾਰਯੋਗ ਤੇ ਸਿਖਣਯੋਗ ਆਖਿਆ ਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਇਸ ਨੂੰ ਰਾਜਨੀਤੀ ਤੋਂ ਦੂਰ ਰੱਖਣ ਦਾ ਸਲਾਹ ਦਿੱਤੀ।

ਜਦੋਂ ਕੋਈ ਬੁਲਾਰਾ ਅੰਗ੍ਰੇਜ਼ੀ ਵਿਚ ਬੋਲਣ ਲਗਦਾ ਤਾਂ ਸਰੋਤੇ ਹਾਸੇ-ਮਜ਼ਾਕ ਵਿਚ ਬੁਲਾਰਿਆਂ ਨੂੰ ਸਿਰਫ ਪੰਜਾਬੀ 'ਚ ਹੀ ਬੋਲਣ ਦੀ ਤਾਕੀਦ ਕਰਦੇ, ਜਿਸ ਨੂੰ ਬੁਲਾਰੇ ਖਿੜੇ ਮੱਥੇ ਪ੍ਰਵਾਨ ਕਰ ਰਹੇ ਸਨ। ਜਿੱਥੇ ਮਾਹੌਲ ਖੁਸ਼ਨੁਮਾ ਬਣਿਆ ਹੋਇਆ ਸੀ, ਉਸ ਪੰਜਾਬੀਅਤ ਦੇ ਰੰਗ ਵਿਚ ਵੀ ਰੰਗਿਆ ਹੋਇਆ ਸੀ। ਇਸ ਪ੍ਰੋਗਰਾਮ ਦਾ ਹਾਸਲ ਸੀ, ਲਖਵਿੰਦਰ ਕੌਰ ਲੱਕੀ ਦੀ ਆਪਣੀ ਲਿਖੀ ਗਜ਼ਲ, ਜੋ ਉਸ ਨੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਵਿਚ ਬਹੁਤ ਹੀ ਦਮਦਾਰ ਆਵਾਜ਼ ਵਿਚ ਪੇਸ਼ ਕੀਤੀ। ਗਜ਼ਲ ਬੋਲ ਸਨ:

*ਹਰ ਇਕ ਥਾਂ ਤੋਂ ਹੁਨਰ ਨੂੰ, ਭਜਾਉਣਾ ਲੋਚਦੀ ਹਾਂ ਮੈਂ। ਕਿ ਨਗਮੇ ਰੋਸ਼ਨੀ ਗੁਣਗੁਣਾਉਣਾ ਲੋਚਦੀ ਹਾਂ ਮੈਂ ।*

ਚੰਗਾ ਹੁੰਦਾ ਜੇ ਉਹ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰਖਦੀ। ਗ਼ਜ਼ਲ ਦੇ ਬਲ ਅਤੇ ਪੇਸ਼ਕਾਰੀ ਕਮਾਲ ਦੀ ਹੋਣ ਦੇ ਬਾਵਜੂਦ ਵੀ ਦਰਸ਼ਕ ਉਕਤਾ ਗਏ ਨਜ਼ਰ ਆ ਰਹੇ ਸਨ।

ਇਸ ਮਗਰੋਂ ਅਮਰੀਕਾ ਦੇ ਜੰਮਪਲ ਬੱਚਿਆਂ ਨੇ ਤੰਤੀ ਸਾਜ਼ਾਂ ਤਾਊਸ ਤੇ ਦਿਲਰੁਬਾ ਨਾਲ ਇਕ ਸ਼ਬਦ ਤੋਂ ਇੰਸਟਰੂਮੈਂਟਲ ਵਰਜਨ ਪੇਸ਼ ਕੀਤਾ, ਜਿਸ ਨੇ ਪੁਰਾਣੇ ਰਾਗੀਆਂ ਦੀ ਯਾਦ ਤਾਜ਼ਾ ਕਰਦਿਆਂ ਰੂਹ ਨੂੰ ਸ਼ਰਸ਼ਾਰ ਕਰ ਦਿਤਾ। ਇਹ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਕਿ ਅਮਰੀਕਾ ਵਿਚ ਜੰਮ-ਪਲ ਕੇ ਵੀ ਇਹ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ, ਜਿਸ ਲਈ ਮਾਪੇ ਵਧਾਈ ਦੇ ਹੱਕਦਾਰ ਹਨ।

ਪ੍ਰੋਗਰਾਮ ਦੇ ਇਕ ਭਾਗ ਪਿੰਡਾਂ ਵਿਚੋਂ ਪਿੰਡ ਸੁਣੀਦਾ ਲਈ ਅਮਰੀਕਾ ਦੇ ਜੰਮਪਲ ਬੱਚਿਆਂ ਦੀ ਪ੍ਰੈਜੈਂਟੇਸ਼ਨ ਤਿਆਰ ਕੀਤੀ ਗਈ ਸੀ, ਜਿਸ ਵਿਚ ਜਸਮੇਰ ਕੌਰ ਗਰੇਵਾਲ, ਜਪਨੀਤ ਕੌਰ, ਸਾਇਨਾ ਸ਼ਰਮਾ, ਹਰਨੂਰ ਕੌਰ ਸਿੱਧੂ, ਗੁਰਈਸ਼ਰ ਸਿੰਘ ਕੁਲਾਰ, ਮਿਹਰ ਸਿੰਘ ਹਨੀ, ਸੁਬਰੀਤ ਕੌਰ, ਅਮੀਨਾ ਕੌਰ ਨੇ ਆਪੋ-ਆਪਣੇ ਪਿੰਡਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪੈਲਾਟਾਈਨ ਗੁਰਦੁਆਰੇ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ਆਪਣੇ ਪ੍ਰਿੰਸੀਪਲ ਦੀ ਅਗਵਾਈ ਹੇਠ ਕਵਿਤਾ 'ਅੰਮੜੀਏ ਮਾਂ ਬੋਲੀ ਵਿਚ ਬੋਲ' 'ਤੇ ਪੇਸ਼ਕਾਰੀ ਦਿੱਤੀ। ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਬੋਲੀ ਹੈ ਪੰਜਾਬੀ ਸਾਡੀ' 'ਤੇ ਸਵਰਾਜ ਸਿੰਘ, ਜਗਤਜੋਤ ਸਿੰਘ, ਰਣਸ਼ੇਰ ਸਿੰਘ, ਕਮਲਚੰਦ ਸਿੰਘ, ਅਜੀਤ ਸਿੰਘ, ਮੁਸਕਾਨ ਕੌਰ ਨੇ ਕਵਿਤਾ ਸੁਣਾਈ। ਬੱਚਿਆ ਨੇ ਹਿੰਦੀ ਤੇ ਪੰਜਾਬੀ ਸ਼ਬਦਾਂ ਦੀ ਤੁਲਨਾ ਵੀ ਅਨੋਖੇ ਢੰਗ ਨਾਲ ਹਲਕੇ ਫੁਲਕੇ ਤਰੀਕੇ ਨਾਲ ਕਰ ਕੇ ਸਭ ਨੂੰ ਪੰਜਾਬੀ 'ਚ ਹੋ ਰਹੀ ਹੋਰਨਾਂ ਬੋਲੀਆਂ ਦੀ ਘੁਸਪੈਠ ਬਾਰੇ ਸੋਚਣ ਲਈ ਮਜਬੂਰ ਕੀਤਾ। ਮਗਰੋਂ ਇੰਡੀਆਨਾ ਤੋਂ ਆਈ ਰਾਕਿੰਦ ਕੌਰ ਨੇ ਆਪਣੀ ਕਵਿਤਾ 'ਬੋਲੀ' ਨਾਲ ਸਭ ਨੂੰ ਮੰਤਰ ਮੁਗਧ ਕਰ ਦਿੱਤਾ।

ਸਾਰੇ ਹੀ ਬੁਲਾਰਿਆਂ ਨੇ ਪੰਜਾਬੀ ਬੋਲੀ ਨੂੰ ਜਿੰਦਾ ਰਖਣ ਦੀ ਅਪੀਲ ਕੀਤੀ। ਪੰਜਾਬ ਟਾਈਮਜ਼ ਦੇ ਕਾਲਮ ਨਵੀਸ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਮਾਂ-ਬੋਲੀ ਦੇ ਪਿਆਰਿਆਂ ਨੂੰ ਘਰਾਂ ਵਿਚ ਆਪਣੇ ਬੱਚਿਆਂ ਨਾਲ ਪੰਜਾਬੀ ਬੋਲਣ ਦਾ ਸੱਦਾ ਦਿੱਤਾ ਤਾਂ ਕਿ ਬੱਚਿਆਂ ਦੀ ਆਪਣੀ ਮਾਂ ਬੋਲੀ ਨਾਲ ਸਾਂਝ ਪੈ ਸਕੇ। ਮਨਮੋਹਨ ਸਿੰਘ ਗਰਵਾਲ ਨੇ ਪ੍ਰੋਜੈਕਟਰ ਦੀ ਮਦਦ ਨਾਲ ਆਪਣੀ ਪ੍ਰੈਜੈਂਟਸਨ ਰਾਹੀਂ ਪੰਜਾਬੀ ਮਾਂ ਬੋਲੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਤਕਰੀਬਨ ਸਾਰੇ ਹੀ ਬੁਲਾਰਿਆਂ ਨੇ ਇਸ ਗੱਲ 'ਤੇ ਜ਼ੋਰ ਦਿਤਾ ਕਿ ਆਓ! ਆਪਾਂ ਅਹਿਦ ਕਰੀਏ ਕਿ ਪੰਜਾਬੀ ਮਾਂ ਬੋਲੀ ਸਾਡੀਆਂ ਆਉਣ ਵਾਲੀਆਂ ਪੀੜੀਆਂ ਵਾਸਤੇ ਜਿਉਂਦੀ ਰਹੇ।

ਉਪਰੰਤ ਰਾਜ ਲਾਲੀ ਬਟਾਲਾ ਨੇ ਗੁਰਮੁਖ ਭੁੱਲਰ ਤੇ ਉਨ੍ਹਾਂ ਦੀ ਟੀਮ ਨੂੰ ਆਪਣੀ ਸਕਿਟ ਪੇਸ਼ ਕਰਨ ਲਈ ਬੁਲ-ਾਇਆ ਤਾਂ ਉਨ੍ਹਾਂ ਦੀ ਤਿਆਰੀ ਹੋਣ ਤਕ ਆਪਣੀ ਗੱਲ ਆਪਣ ਦਾ ਮੌਕਾ ਵੀ ਖੁੰਝਣ ਨਾ ਦਿੱਤਾ ਤੇ ਤਰਨੁਮ ਵਿਚ ਗ਼ਜ਼ਲ ਗਾ ਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਜ਼ਾਹਰ ਕੀਤੀਆਂ। ਪ੍ਰੋਗਰਾਮ ਨੂੰ ਵਖਰਾ ਰੰਗ ਲਈ ਜਦੋਂ ਬਜ਼ੁਰਗ ਦੇ ਰਸ 'ਚ ਆਏ ਗੁਰਮੁਖ ਭੁੱਲਰ ਤੇ ਚਰਨਦੀਪ ਸਿੰਘ ਦੀ ਵਾਰਤਾਲਾਪ ਨੇ ਦਰਸ਼ਕਾਂ ਦੇ ਹਸ ਹਸ ਕੇ ਢਿੱਡ ਦੁਖਣ ਲਾ ਦਿੱਤੇ। ਉਨ੍ਹਾਂ ਆਪਣੀ ਖ਼ੂਬਸੂਰਤ ਪੇਸਕਾਰੀ ਨਾਲ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ।

ਐਸ ਅਸ਼ੋਕ ਭੌਰਾ ਨੇ ਆਪਣੇ ਵੱਖਰੇ ਹੀ ਅੰਦਾਜ਼ ਵਿਚ ਹਮੇਸ਼ਾ ਵਾਂਗ ਸਮਾਂ ਬੰਨ੍ਹ ਦਿੱਤਾ। ਉਨ੍ਹਾਂ ਦੇ ਵਾਰਤਕ ਸੁਣਾਉਣ ਦੇ ਅੰਦਾਜ਼-ਏ ਬਿਆਂ ਦੇ ਸਭ ਕਾਇਲ ਹੋ ਗਏ ਤੇ ਸਰੋਤੇ ਮੁੜ ਤਰੋ-ਤਾਜ਼ਾ ਮਹਿਸੂਸ ਕਰਨ ਲੱਗੇ। ਉਨ੍ਹਾਂ ਬੜੇ ਹਲਕੇ-ਫੁਲਕ ਮਿਜਾਜ਼ ਨਾਲ ਦੱਸਿਆ ਕਿ ਹੁਣ 'ਭਲਾਈ ਦਾ ਜ਼ਮਾਨਾ ਨਹੀਂ ਰਿਹਾ। ਮਗਰੋਂ ਯੂਨੀਵਰਸਿਟੀ ਆਫ ਮਿਸ਼ੀਗਨ ਤੋਂ ਮੈਡਮ ਪਿੰਦਰਜੀਤ ਗਿੱਲ ਤੇ ਸਿੱਖ ਸਟੂਡੈਂਟਸ ਐਸੋਸੀਏਸ਼ਨ, ਯੂਨੀਵਰਸਿਟੀ ਆਫ ਸਿਕਾਗੋ ਤੋਂ ਪੁੱਜੇ ਜੁਝਾਰ ਸਿੰਘ, ਜਸਕਰਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਲੇਖਕ, ਗੀਤਕਾਰ ਗੁਰਨੇਕ ਝਾਵਰ ਨੇ ਬਹੁਤ ਸੋਹਣੇ ਅੰਦਾਜ਼ 'ਚ ਗੀਤ ਪੇਸ ਕੀਤਾ ਤੇ ਛੋਟੇ ਬੱਚਿਆਂ, ਜਿਨ੍ਹਾਂ ਦੀਆਂ ਦੀਆਂ ਸ਼ਰਟਸ 'ਤੇ ੳ/ਅ ਲਿਖਿਆ ਹੋਇਆ ਸੀ, ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗੀਤ 'ਤੇ ਖ਼ੂਬਸੂਰਤ ਭੰਗੜਾ ਪਾਇਆ।

ਪ੍ਰੋਗਰਾਮ ਵਿਚ ਭਾਰਤ ਦੇ ਕੌਂਸਲ ਜਨਰਲ ਅਮਿਤ ਕੁਮਾਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਸਾਰੇ ਪ੍ਰਤੀਭਾਗੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਨੇ ਕੌਂਸਲ ਰਣਜੀਤ ਸਿੰਘ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਤੇ ਭਾਰਤ ਦੀ ਆਜ਼ਾਦੀ ਦੀ 25ਵੀਂ ਵਰ੍ਹੇਗੰਢ ਮੌਕੇ ਭਾਰਤ ਸਰਕਾਰ ਵਲੋਂ ਮਨਾਏ ਜਾ ਰਹੇ "ਆਜਾਦੀ ਕਾ ਅੰਮ੍ਰਿਤ ਮਹਾਉਤਸਵ ਬਾਰੇ ਵੀ ਜਾਣਕਾਰੀ ਦਿਤੀ। ਐਫ ਆਈ ਏ ਦੇ ਪ੍ਰਧਾਨ ਰਾਕੇਸ਼ ਮਲਹੋਤਰਾ ਨੇ ਗੁਰਦਾਸ ਮਾਨ ਦਾ ਗੀਤ 'ਰੋਟੀ' ਗਾ ਕ ਸੁਣਾਇਆ। ਇਸ ਮੌਕੇ ਹਾਫਮੈਨ ਅਸਟੇਟ ਦੇ ਮੇਅਰ ਬਿਲ ਮੁਕਲਿਓਡ ਤੇ ਹੈਨਓਵਰ ਪਾਰਕ ਦੇ ਮੇਅਰ ਰੋਡਨ ਐਸ ਕਰੇਗ ਨੇ ਵੀ ਸ਼ਮੂਲੀਅਤ ਕੀਤੀ। ਮੇਅਰ ਬਿੱਲ ਮੁਕਲਿਓਡ ਨੇ ਫਰਵਰੀ ਨੂੰ ਪੰਜਾਬੀ ਭਾਸ਼ਾ ਮਹੀਨਾ ਐਲਾਨਿਆ ਹੈ, ਜੋ ਸਾਰੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

## 8 ਮਾਰਚ ਲਈ ਵਿਸ਼ੇਸ਼: ਮਹਿਲਾਵਾਂ ਦੇ ਕਾਨੂੰਨੀ ਅਧਿਕਾਰ-ਜਾਣਕਾਰੀ ਜ਼ਰੂਰੀ



ਐਮ.ਪੀ. ਸਿੰਘ ਪਾਹਵਾ
ਐਡੀਨਲ ਜ਼ਿਲ੍ਹਾ ਅਤੇ ਸੈਨਜ਼ ਜੱਜ (ਰਿਟਾ)

ਅੱਜ ਸੰਸਾਰ ਭਰ ਵਿੱਚ ਅੰਤਰਰਾਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਇਹ ਦਿਨ ਮਹਿਲਾਵਾਂ ਵੱਲੋਂ ਸਮਾਜਿਕ, ਆਰਥਿਕ, ਸੱਭਿਆਚਾਰਿਕ ਅਤੇ ਸਿਆਸੀ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਨੂੰ ਯਾਦ ਕਰਨ ਵਜੋਂ ਮਨਾਇਆ ਜਾਂਦਾ ਹੈ। ਇਸਦੇ ਨਾਲ ਹੀ ਮਹਿਲਾਵਾਂ ਨੂੰ ਉਨ੍ਹਾਂ ਨਾਲ ਹੋ ਰਹੇ ਵਿਤਕਰੇ ਅਤੇ ਪੱਖਪਾਤ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਬਰਾਬਰਤਾ ਦੇ ਅਧਿਕਾਰਾਂ ਲਈ ਉਤਹਿਤ ਕੀਤਾ ਜਾਂਦਾ ਹੈ। ਸਰਕਾਰਾਂ ਵੱਲੋਂ ਵੀ ਇਸ ਦਿਵਸ ਨੂੰ ਮਨਾਉਣ ਲਈ ਵੱਖ-ਵੱਖ ਪੱਧਰ ਤੇ ਕਈ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਸਾਡੇ ਦੇ ਦੀ 138 ਕਰੋੜ ਦੀ ਆਬਾਦੀ ਵਿੱਚ 67 ਕਰੋੜ ਤੋਂ ਵੱਧ ਮਹਿਲਾਵਾਂ ਹਨ। ਇਕੱਲੇ ਪੰਜਾਬ ਵਿੱਚ 3 ਕਰੋੜ 16 ਲੱਖ ਦੀ ਆਬਾਦੀ ਵਿੱਚ 1 ਕਰੋੜ 49 ਲੱਖ ਮਹਿਲਾਵਾਂ ਹਨ। ਇੰਨ੍ਹਾਂ ਅੰਕੜਿਆਂ ਤੋਂ ਸਹਿਜੇ ਹੀ ਇਹ ਗੱਲ ਸਮਝ ਆ ਸਕਦੀ ਹੈ ਕਿ ਭਾਰਤ ਵਿੱਚ ਆਬਾਦੀ ਪੱਖੋਂ ਮਹਿਲਾਵਾਂ ਦੀ ਗਿਣਤੀ ਵੀ ਪੁਰਾਂ ਦੇ ਬਰਾਬਰ ਪਹੁੰਚ ਰਹੀ ਹੈ। ਇਸ ਹਿਸਾਬ ਨਾਲ ਮਹਿਲਾਵਾਂ ਵੀ ਬਰਾਬਰ ਦੇ ਅਧਿਕਾਰਾਂ ਦੀਆਂ ਹੱਕਦਾਰ ਹਨ। ਮਹਿਲਾ ਕਤੀ ਦਾ ਅਹਿਸਾਸ ਸਿਆਸੀ ਪਾਰਟੀਆਂ ਨੂੰ ਹੋਣ ਲੱਗ ਪਿਆ ਹੈ। ਇਹੀ ਕਾਰਨ ਹੈ ਕਿ ਪੰਜ ਰਾਜਾਂ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਇੱਕ ਨੈਨਲ ਪਾਰਟੀ ਵੱਲੋਂ "ਲੜਕੀ ਹਾਂ ਲੜ ਸਕਦੀ ਹਾਂ" ਦਾ ਨਾਅਰਾ ਵੀ ਦਿੱਤਾ ਗਿਆ ਹੈ।

ਮਹਿਲਾਵਾਂ ਦੀ ਕਤੀ ਅਤੇ ਸੰਖਿਆ ਨੂੰ ਮੁੱਖ ਰੱਖਦੇ ਹੋਏ ਅਤੇ ਮਹਿਲਾਵਾਂ ਦੇ ਸਵੈਮਾਨ, ਸਵੈਨਿਰਭਰਤਾ ਨੂੰ ਮੁੱਖ ਰੱਖਦੇ ਹੋਏ ਬਹੁਤ ਸਾਰੇ ਮਹਿਲਾ ਪੱਖੀ ਕਾਨੂੰਨ ਵੀ ਬਣਾਏ ਗਏ ਹਨ। ਕਾਨੂੰਨ ਰਾਹੀਂ ਦਿੱਤੇ ਗਏ ਅਧਿਕਾਰਾਂ ਅਤੇ ਸਹੂਲਤਾਂ ਦਾ ਲਾਭ ਤਦ ਹੀ ਹੋ ਸਕਦਾ ਹੈ ਜੇਕਰ ਉਨ੍ਹਾਂ ਬਾਰੇ ਜਾਣਕਾਰੀ ਹੋਵੇ। ਇਸ ਮੰਤਵ ਨਾਲ ਕੁੱਝ ਅਜਿਹੇ ਮੁੱਖ ਮਹਿਲਾ ਪੱਖੀ ਕਾਨੂੰਨਾਂ ਦੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ।

ਭਾਰਤੀ ਸੰਵਿਧਾਨ ਅਧੀਨ ਮਹਿਲਾਵਾਂ ਲਈ ਕੁੱਝ ਮਾਮਲਿਆਂ ਵਿੱਚ ਪੁਰਾਂ ਦੇ ਬਰਾਬਰ ਅਧਿਕਾਰ ਹਨ ਜਿਵੇਂ ਕਾਨੂੰਨ ਦੇ ਸਨਮੁੱਖ ਇੱਕਸਾਰਤਾ ਅਤੇ ਕਾਨੂੰਨੀ ਸੁਰੱਖਿਆ ਵਿੱਚ ਇੱਕਸਾਰਤਾ, ਜੀਵਨ ਸੁਰੱਖਿਆ ਅਤੇ ਨਿੱਜਤਾ ਦੀ ਰਾਖੀ, ਵਿਦਿਅਕ ਸੰਸਥਾਵਾਂ ਵਿੱਚ ਦਾਖਲੇ ਲਈ ਲਿੰਗ ਅਧਾਰਿਤ ਪੱਖਪਾਤ ਦੀ ਮਨਾਹੀ, ਘੁੰਮਣ-ਫਿਰਨ, ਵਿਚਾਰਾਂ ਦਾ ਪ੍ਰਗਟਾਵਾ ਕਰਨ ਦੇ ਬਰਾਬਰ ਅਧਿਕਾਰ। ਮਹਿਲਾਵਾਂ ਲਈ ਪੰਚਾਇਤੀ ਰਾਜ ਅਤੇ ਸਥਾਨਕ ਸਰਕਾਰ ਸੰਸਥਾਵਾਂ ਵਿੱਚ ਇੱਕ ਤਿਹਾਈ ਸੀਟਾਂ ਦਾ ਰਾਖਵਾਂਕਰਨ ਹੈ ਅਤੇ ਲੋਕ ਸਭਾ-ਵਿਧਾਨ ਸਭਾ ਵਿੱਚ ਇੱਕ ਤਿਹਾਈ ਸੀਟਾਂ ਮਹਿਲਾਵਾਂ ਲਈ ਰਾਖਵਾਂਕਰਨ ਦਾ ਮਾਮਲਾ ਲੰਮੇ ਸਮੇਂ ਤੋਂ ਵਿਚਾਰ ਅਧੀਨ ਹੈ।

ਸੰਵਿਧਾਨਿਕ ਅਧਿਕਾਰਾਂ ਤੋਂ ਇਲਾਵਾ ਹੋਰ ਵੀ ਕਈ ਅਜਿਹੇ ਕਾਨੂੰਨ ਹਨ ਜਿਹੜੇ ਮਹਿਲਾਵਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ, ਉਨ੍ਹਾਂ ਨਾਲ ਕਈ ਮਾਮਲਿਆਂ ਵਿੱਚ ਹੋਰ ਰਹੇ ਪੱਖਪਾਤ, ਧੱਕੇਹੀ ਅਤੇ ਬੇਇਨਸਾਫੀ ਨੂੰ ਖਤਮ ਕਰਨ ਦੇ ਉਦੇ ਨਾਲ ਬਣਾਏ ਹੋਏ ਹਨ। ਮਹਿਲਾਵਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਆਰਥਿਕ ਪੱਖ ਵਿਸੇ ਸਥਾਨ ਰੱਖਦਾ ਹੈ। ਾਦੀ ਤੋਂ ਬਾਅਦ ਮਹਿਲਾਵਾਂ ਆਪਣੇ ਪਤੀਜਸਹੁਰੇ ਪਰਿਵਾਰ ਤੇ ਨਿਰਭਰ ਹੁੰਦੀਆਂ ਹਨ ਕਈ ਵਾਰ ਪਤੀ ਵੱਲੋਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਘਾਟ ਆ ਜਾਂਦੀ ਹੈ। ਜਾਬਤਾ ਫੌਜਦਾਰੀ ਕਾਨੂੰਨ ਦੀ ਦਫਾ 125 ਅਨੁਸਾਰ ਅਗਰ ਕੋਈ ਵਿਅਕਤੀ ਆਪਣੀ ਪਤਨੀ ਤਲਾਕੁਦਾ ਪਤਨੀ ਨੂੰ ਖਰਚਾ ਗੁ÷ਾਰਾ ਦੇਣ ਤੋਂ ਆਨਾ-ਕਾਣੀ ਕਰਦਾ ਹੈ ਤਾਂ ਮਹਿਲਾਵਾਂ ਨੂੰ ਅਦਾਲਤ ਦੁਆਰਾ ਖਰਚਾ ਗੁਜ਼ਾਰਾ ਲੈਣ ਦਾ ਅਧਿਕਾਰ ਹੈ। ਇਹ ਖਰਚਾ ਗੁ÷ਾਰਾ ਸਿਰਫ ਪੇਟ ਭਰਨ ਤੱਕ ਹੀ ਸੀਮਤ ਨਹੀਂ ਹੁੰਦਾ, ਇਸ ਵਿੱਚ ਉਹ ਸਾਰੀਆਂ ਜ਼ਰੂਰਤਾਂ ਸਹੂਲਤਾਂ ਸ਼ਾਮਿਲ ਹਨ ਜੋ ਇੱਕ ਮਹਿਲਾ ਨੂੰ ਉਸਦੇ ਰੁਤਬੇ ਅਨੁਸਾਰ ਮਿਲਣੀਆਂ ਚਾਹੀਦੀਆਂ ਹਨ। ਹਿੰਦੂ ਅਡਾਪਨ ਅਤੇ ਮੇਨਟਿਨੈਂਸ ਐਕਟ ਦੀ ਦਫਾ 24 ਅਧੀਨ ਉਹ ਹਿੰਦੂ ਮਹਿਲਾਵਾਂ ਜਿੰਨ੍ਹਾਂ ਨੂੰ ਉਨ੍ਹਾਂ ਦੇ ਪਤੀ ਵੱਲੋਂ ਨਜ਼ਰ ਅੰਦਾਜ਼ ਕੀਤਾ ਗਿਆ ਹੋਵੇ ਜਾਂ ਛੱਡ ਦਿੱਤਾ ਗਿਆ ਹੋਵੇ ਖਰਚਾ ਗੁਜ਼ਾਰਾ ਲੈਣ ਦੀਆਂ ਹੱਕਦਾਰ ਹਨ। ਮੁਸਲਿਮ ਮਹਿਲਾਵਾਂ (ਤਲਾਕ ਤੋਂ ਬਾਅਦ ਅਧਿਕਾਰਾਂ ਦੀ ਰਾਖੀ) ਕਾਨੂੰਨ 1986 ਅਧੀਨ ਮੁਸਲਿਮ ਮਹਿਲਾਵਾਂ ਵੀ ਤਲਾਕ ਤੋਂ ਬਾਅਦ ਆਪਣੇ ਉਨ੍ਹਾਂ ਬੱਚਿਆਂਜਮਾਪਿਆਂਜਰਿਤੇਦਾਰਾਂ ਪਾਸੋਂ ਖਰਚਾ ਗੁਜ਼ਾਰਾ ਲੈ ਸਕਦੀਆਂ ਹਨ ਜਿੰਨ੍ਹਾਂ ਨੂੰ ਉਸ ਮੁਸਲਿਮ ਮਹਿਲਾ ਦੀ ਜਾਇਦਾਦ ਦਾ ਹੱਕ ਜਾਣਾ ਹੁੰਦਾ ਹੈ। ਅਗਰ ਉਸ ਮੁਸਲਿਮ ਮਹਿਲਾ ਦਾ ਅਜਿਹਾ ਕੋਈ ਰਿਤੇਦਾਰ ਨਾ ਹੋਵੇ ਤਾਂ ਫਿਰ ਉਸ ਰਾਜ ਦੇ ਵਕਫ ਬੋਰਡ ਨੂੰ ਵੀ ਖਰਚਾ ਗੁਜ਼ਾਰਾ ਦੇਣ ਦਾ ਹੁਕਮ ਕੀਤਾ ਜਾ ਸਕਦਾ ਹੈ। ਮਹਿਲਾਵਾਂ ਘਰੇਲੂ ਹਿੰਸਾ ਤੋਂ ਸੁਰੱਖਿਆ ਕਾਨੂੰਨ 2005 ਅਧੀਨ ਮਹਿਲਾਵਾਂ ਨੂੰ ਆਪਣੇ ਪਤੀ ਨਾਲ ਘਰ ਵਿੱਚ ਰਹਿਣ ਦਾ ਅਧਿਕਾਰ ਹੈ। ਘਰੇਲੂ ਹਿੰਸਾ ਪੀੜਤ ਮਹਿਲਾਵਾਂ ਵੱਖਰੀ ਰਿਹਾਇ, ਆਰਥਿਕ ਸਹਾਇਤਾ, ਬੱਚਿਆਂ ਦੀ ਸਰਪ੍ਰਸਤੀ, ਕਿਸੇ ਮਾਨਸਿਕ ਸਰੀਰਕ ਜਾਂ ਭਾਵਨਾਤਮਿਕ ਪੀੜਾ ਲਈ ਵੀ ਸਹੁਰੇ ਪਰਿਵਾਰ ਪਾਸੋਂ ਮੁਆਵਜ਼ਾ ਲੈ ਸਕਦੀਆਂ ਹਨ।

ਦੇਹ ਵਪਾਰ (ਰੋਕਥਾਮ) ਐਕਟ 1956 ਦੀ ਦਫਾ 5 ਅਨੁਸਾਰ ਅਗਰ ਕੋਈ ਵਿਅਕਤੀ ਕਿਸੇ ਨੂੰ ਦੇਹ ਵਪਾਰ ਦੇ ਧੰਦੇ ਵਿੱਚ ਧੱਕਣ ਦੀ ਕੋਿ ਕਰਦਾ ਹੈ ਤਾਂ ਉਸਨੂੰ ਸਜਾ ਹੋ ਸਕਦੀ ਹੈ। ਕਿਸੇ ਦੇ ਦੇਹ ਵਪਾਰ ਧੰਦੇ ਦੀ ਕਮਾਈ ਤੇ ਨਿਰਭਰ ਹੋਣ ਵਾਲਾ ਵਿਅਕਤੀ ਵੀ ਸਜਾ ਦਾ ਭਾਗੀਦਾਰ ਹੋ ਸਕਦਾ ਹੈ। ਵਿਆਹ ਾਦੀਆਂ ਵਿੱਚ ਦਾਜ ਦੀ ਮੰਗ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆਉਂਦੇ ਹਨ। ਦਾਜ ਦੀ ਮੰਗ ਪੂਰੀ ਨਾ ਕਰਨ ਤੇ ਮਹਿਲਾਵਾਂ ਨੂੰ ਤੰਗ ਪ੍ਰੇਾਨ ਕਰਨਾ, ਉਨ੍ਹਾਂ ਨੂੰ ਅੱਗ ਦੀ ਭੇਂਟ ਕਰ ਦੇਣਾ, ਤੇਜ਼ਾਬ ਪਾ ਕੇ ਬਦਸੂਰਤ ਬਣਾ ਦੇਣਾ, ਬੂਹੇ ਆਈ ਬਾਰਾਤ ਨੂੰ ਵਾਪਸ ਲੈ ਜਾਣਾ ਆਦਿ ਮੰਦਭਾਗੀਆਂ ਘਟਨਾਵਾਂ ਦੀਆਂ ਖਬਰਾਂ ਵੀ ਹਰ ਰੋ÷ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਦਹੇਜ ਰੋਕਥਾਮ ਐਕਟ 1961 ਅਧੀਨ ਦਾਜ ਦੇਣਾ, ਦਾਜ ਲੈਣਾ ਜਾਂ ਮੰਗਣਾ ਕਾਨੂੰਨੀ ਜੁਰਮ ਹੈ ਅਤੇ ਅਜਿਹਾ ਜੁਰਮ ਕਰਨ ਵਾਲੇ ਸਜਾ ਦੇ ਭਾਗੀਦਾਰ ਹਨ।

ਕਈ ਵਾਰ ਮਹਿਲਾਵਾਂ ਨੂੰ ਕਿਸੇ ਇਤਿਹਾਰ ਵਿੱਚ, ਤਸਵੀਰ ਵਿੱਚ, ਲਿਖਤਾਂ ਵਿੱਚ ਜਾਂ ਅਜਿਹੇ ਹੋਰ ਵਸੀਲਿਆਂ ਰਾਹੀਂ ਅਸੁੱਘੜ (ਅਣਉਚਿਤ) ਢੰਗ ਵਿੱਚ ਦਰਸਾਏ ਜਾਣ ਦੀਆਂ ਉਦਾਹਰਨਾਂ ਬਹੁਤ ਮਿਲ ਜਾਂਦੀਆਂ ਹਨ। ਇਸ ਦਾ ਉਦੇ ਕਈ ਵਾਰ ਇਤਿਹਾਰ ਦਾਤਾ ਵੱਲੋਂ ਆਪਣੇ ਉਤਪਾਦ ਵੇਚਣਾ, ਮਹਿਲਾਵਾਂ ਨੂੰ ਬੇਇੱਜਤ ਕਰਨਾ, ਉਨ੍ਹਾਂ ਦਾ ਮਜ਼ਾਕ ਉਡਾਉਣਾ ਹੁੰਦਾ ਹੈ। ਕਿਸੇ ਦੀ ਬੇਇੱਜ਼ਤੀ ਨੂੰ ਆਧਾਰ ਬਣਾਕੇ ਪ੍ਰਸਿੱਧੀ ਹਾਸਲ ਕਰਨਾ ਸਾਡੇ ਸੰਸਕਾਰਾਂ ਦੇ ਖਿਲਾਫ ਹੈ ਅਤੇ ਗੈਰ-ਇਖਲਾਕੀ ਵੀ ਹੈ। ਅਜਿਹੀ ਕਿਸੇ ਸਮੱਗਰੀ ਦਾ ਮਹਿਲਾਵਾਂ ਨੂੰ ਡਾਕ ਰਾਹੀਂ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਭੇਜਣਾ ਜਾਂ ਪ੍ਰਚਾਰਨਾ ਵੀ ਜੁਰਮ ਹੈ ਇੰਨ੍ਹਾਂ ਦੀ ਕਾਨੂੰਨੀ ਮਨਾਹੀ ਹੈ। ਮਹਿਲਾਵਾਂ ਨੂੰ ਅਸੁੱਘੜ ਢੰਗ ਨਾਲ ਦਰਸਾਉਣਾ (ਰੋਕਥਾਮ) ਐਕਟ 1986 ਅਧੀਨ ਇਹ ਜੁਰਮ ਸਜਾ ਯੋਗ ਹੈ।

ਮਹਿਲਾਵਾਂ ਦੀ ਆਬਾਦੀ ਪੁਰਾਂ ਦੇ ਬਰਾਬਰ ਹੁੰਦੀ ਜਾ ਰਹੀ ਹੈ। ਉਨ੍ਹਾਂ ਨੂੰ ਰੁਜ਼ਗਾਰ ਦੇ ਹੱਕ ਬਰਾਬਰ ਹੋ ਚੁੱਕੇ ਹਨ। ਇਸ ਕਰਕੇ ਮਹਿਲਾਵਾਂ ਦਾ ਦਫਤਰਾਂ ਆਦਿ ਵਿੱਚ ਪੁਰਾਂ ਦੇ ਨਾਲ ਨੌਕਰੀ ਕਰਨਾ ਵੀ ਸੁਭਾਵਿਕ ਹੈ। ਕਈ ਵਾਰ ਦਫਤਰਾਂ ਵਿੱਚ ਜਾਂ ਸਰਵਿਸ ਸਥਾਨ ਤੇ ਮਹਿਲਾਵਾਂ ਨਾਲ ਜਿਣਸੀ ਪ੍ਰੇਾਨੀਆਂ ਦੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਮਹਿਲਾਵਾਂ ਨੂੰ ਦਫਤਰਾਂ ਆਦਿ ਵਿੱਚ ਜਿਣਸੀ ਪ੍ਰੇਾਨੀ ਤੋਂ ਰੋਕਥਾਮ ਅਤੇ ਅਜਿਹੇ ਮਾਮਲੇ ਨਿਬੇੜਨ ਲਈ ਸਾਲ 2013 ਵਿੱਚ ਕਾਨੂੰਨ ਬਣਾਇਆ ਜਾ ਚੁੱਕਾ ਹੈ। ਇਸ ਕਾਨੂੰਨ ਅਨੁਸਾਰ ਹਰੇਕ ਦਫਤਰ ਵਿੱਚ ਅੰਦਰੂਨੀ ਕਿਾਇਤ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ। ਇਸ ਕਮੇਟੀ ਦਾ ਮੁਖੀ ਵੀ ਮਹਿਲਾ ਦਾ ਹੋਣਾ ÷ਰੂਰੀ ਹੈ। ਕੋਈ ਵੀ ਪੀੜਤ ਮਹਿਲਾ ਕਰਮਚਾਰੀ ਕਮੇਟੀ ਪਾਸ ਜਿਣਸੀ ਪ੍ਰੇਾਨੀ ਬਾਰੇ ਕਿਾਇਤ ਕਰ ਸਕਦੀ ਹੈ। ਇਸ ਕਮੇਟੀ ਵੱਲੋਂ ਪੜਤਾਲ ਕੀਤੀ ਜਾਂਦੀ ਹੈ। ਜੇਕਰ ਕਿਾਇਤ ਸਹੀ ਜਾਪੇ ਤਾਂ ਫਿਰ ਕਸੂਰਵਾਰ ਵਿਰੁੱਧ ਪੁਲਿਸ ਪਾਸ ਮੁਕੱਦਮਾ ਦਰਜ ਕਰਵਾਇਆ ਜਾਂਦਾ ਹੈ। ਅਦਾਲਤ ਵੱਲੋਂ ਦੋੀ ਨੂੰ ਸਜਾ ਦੇ ਨਾਲ-ਨਾਲ ਪੀੜਤਾ ਨੂੰ ਢੁੱਕਵਾਂ ਮੁਆਵਜ਼ਾ ਵੀ ਦਿਲਾਇਆ ਜਾ ਸਕਦਾ ਹੈ।

ਇੱਕ ਵੇਲਾ ਸੀ ਜਦੋਂ ਕਈ ਖੇਤਰਾਂ ਵਿੱਚ ਸਤੀ ਪ੍ਰਥਾ ਪ੍ਰਚੱਲਿਤ ਸੀ। ਕਿਸੇ ਵਿਅਕਤੀ ਦੀ ਮੌਤ ਹੋ ਜਾਣ ਤੇ ਉਸਦੀ ਵਿਧਵਾ ਔਰਤ ਨੂੰ ਉਸੇ ਚਿਤਾ ਵਿੱਚ ਹੀ ਅਗਨੀ ਭੇਂਟ ਕਰ ਦਿੱਤਾ ਜਾਂਦਾ ਸੀ ਜਾਂ ਜਿਉਂਦੇ ਹੀ ਦਫਨਾ ਦਿੱਤਾ ਜਾਂਦਾ ਸੀ। ਠੀਕ ਹੈ ਕਿ ਇਹ ਕੁਰੀਤੀ ਲੱਗਭੱਗ ਖਤਮ ਹੋ ਚੁੱਕੀ ਹੈ। ਪਰ ਸਤੀ ਪ੍ਰਥਾ (ਰੋਕਥਾਮ) ਐਕਟ 1987 ਇਸ ਪ੍ਰਥਾ ਨੂੰ ਸਖਤੀ ਨਾਲ ਖਤਮ ਕਰਨ ਦੇ ਮੰਨੇ ਨਾਲ ਬਣਾਇਆ ਗਿਆ ਸੀ ਜੋ ਅਜੇ ਵੀ ਕਾਨੂੰਨੀ ਕਿਤਾਬਾਂ ਦੀ ਸੂਚੀ ਵਿੱਚ ਾਮਲ ਹੈ। ਇਸ ਕਾਨੂੰਨ ਦੀ ਦਫਾ 3 ਅਨੁਸਾਰ ਜੋ ਕੋਈ ਵੀ ਸਤੀ ਹੋਣ ਦੀ ਕੋਿ ਕਰਦਾ ਹੈ ਜਾਂ ਕਿਸੇ ਦੇ ਸਤੀ ਹੋਣ ਵਿੱਚ ਕੋਈ ਭੂਮਿਕਾ ਅਦਾ ਕਰਦਾ ਹੈ ਤਾਂ ਉਸਨੂੰ ਇੱਕ ਸਾਲ ਦੀ ਕੈਦ ਅਤ ਜੁਰਮਾਨਾ ਹੋ ਸਕਦਾ ਹੈ।

ਹਰੇਕ ਕਾਨੂੰਨ ਕਿਸੇ ਉਦੇ ਨੂੰ ਮੁੱਖ ਰੱਖਕੇ ਬਣਾਇਆ ਜਾਂਦਾ ਹੈ ਅਤੇ ਆਮ ਲੋਕਾਂ ਨੂੰ ਆ ਰਹੀਆਂ ਮੁਕਿਲਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣਾ ਜਾ ਕੋਈ ਕੁਰੀਤੀ ਰੋਕਣਾ ਹੁੰਦਾ ਹੈ। ਅਜਿਹੇ ਕਾਨੂੰਨਾਂ ਦਾ ਲਾਭ ਤਦ ਹੀ ਹੋ ਸਕਦਾ ਹੈ ਜੇਕਰ ਇੰਨ੍ਹਾਂ ਦੀ ਜਾਣਕਾਰੀ ਵੀ ਸਮੇਂ ਸਮੇਂ ਜਨਤਾ ਤੱਕ ਪਹੁੰਚਦੀ ਰਹੇ। ਆਸ ਕਰਨੀ ਬਣਦੀ ਹੈ ਕਿ ਸਰਕਾਰ ਵੱਲੋਂ ਮਹਿਲਾ ਦਿਵਸ ਸਮਾਗਮਾਂ ਵਿੱਚ ਮਹਿਲਾ ਪੱਖੀ ਕਾਨੂੰਨੀ ਜਾਣਕਾਰੀ ਦੇਣਾ ਵੀ ਸ਼ਾਮਲ ਕੀਤਾ ਜਾਵੇਗਾ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਜੰਗ ਨੇ ਖੋਲੇ ਭਾਰਤੀ ਵਿੱਦਿਆ ਪ੍ਰਣਾਲੀ ਦੇ ਭੇਦ

ਅਸੀ ਹਰ ਰੋਜ਼ ਪੜ੍ਹਦੇ ਤੇ ਸੁਣਦੇ ਹਾਂ ਅੱਜ ਇਤਨੇ ਲੋਕ ਬਾਹਰ ਚਲੇ ਗਏ। ਜਿਸ ਵਿੱਚ ਆਮ ਲੋਕਾਂ ਦੇ ਨਾਲ ਹੁਣ ਦੇਸ਼ ਦੇ ਅਮੀਰਾਂ ਦਾ ਨਾਮ ਵੀ ਸ਼ਾਮਲ ਹੈ। ਕੁਝ ਚਿਰ ਪਹਿਲਾਂ ਇਹ ਵੀ ਖਬਰ ਆਈ ਸੀ ਕਿ ਦੇਸ਼ ਦੇ ਸਭ ਤੋ ਅਮੀਰ ਕਾਰ-ਪੋਰੇਟ ਘਰਾਣੇ ਨੇ ਵੀ ਇੰਗਲੈਂਡ ਦੀ ਨਾਗਰਿਕਤਾ ਲੈ ਲਈ ਹੈ ਅਤੇ ਉਥੇ ਰਿਹਾਇਸ਼ ਲਈ ਮਹਿਲ ਵੀ ਖਰੀਦ ਲਿਆ ਹੈ। ਜਦੋ ਅਮੀਰ ਵੀ ਦੇਸ਼ ਛੱਡ ਕੇ ਜਾਣ ਤਾਂ ਪ੍ਰਸ਼ਾਸ਼ਕਾਂ ਨੂੰ ਸਮਝਣ ਦੀ ਲੋੜ ਹੈ ਕਿ ਉਹਨਾ ਵਲੋਂ ਚਲਾਏ ਜਾ ਰਹੇ ਰਾਜ ਪ੍ਰਬੰਧ ਵਿੱਚ ਕਮੀ ਹੈ ਅਤੇ ਉਹ ਲੋਕਾਂ ਦੀਆਂ ਜਰੂਰਤਾਂ ਨੂੰ ਸਮਝਣ ਅਤੇ ਉਹਨਾਂ ਦਾ ਸਾਰਥਕ ਹੱਲ ਲੱਭਣ ਵਿੱਚ ਨਾਕਾਮਯਾਬ ਹਨ। ਪ੍ਰਵਾਸ ਲਈ ਤੁਰਨਾ ਕਿਸੇ ਵੀ ਵਿਅਕਤੀ ਲਈ ਸੋਖੀ ਗੱਲ ਨਹੀ ਹੁੰਦੀ ਪਰ ਮਜ਼ਬੂਰੀ ਵੱਸ ਉਹ ਦੇਸ਼ ਨੂੰ ਛੱਡਣ ਲਈ ਤਿਆਰ ਹੁੰਦਾ ਹੈ। ਪ੍ਰਵਾਸ ਵੱਲ ਧੱਕਣ ਦੇ ਕੁੱਝ ਕਾਰਨ ਹਨ ਜਿਵੇਂ ਕਿ ਬੇਰੁਜ਼ਗਾਰੀ, ਪੜ੍ਹਾਈ ਦਾ ਡਿੱਗਦਾ ਮਿਆਰ, ਵੱਧਦੀ ਮਹਿੰਗਾਈ, ਕਾਨੂੰਨ ਵਿਵੱਸਥਾ, ਸਰਕਾਰ ਵਿੱਚ ਲੋਕਾਂ ਦਾ ਵਿਸ਼ਵਾਸ, ਦੇਸ਼ ਵਿੱਚ ਅਸਥਿਰਤਾ ਦਾ ਮਾਹੌਲ, ਨਾਬਰਾਬਰੀ ਅਤੇ ਹੋਰ ਵੀ ਕਈ ਕਾਰਣ ਬਣਦੇ ਹਨ। ਅਸਲ ਵਿੱਚ ਜਦੋਂ ਪੇਟ ਦੀ ਅੱਗ ਬੁੱਝਦੀ ਨਾ ਦਿਸੇ ਅਤੇ ਯੋਗਤਾ ਮੁਤਾਬਕ ਕੰਮ ਕਰਨ ਲਈ ਤੁਹਾਨੂੰ ਕੋਈ ਅਵਸਰ ਹੀ ਮਿਲਦਾ ਨਜ਼ਰ ਨਾ ਆਵੇ ਤਾਂ ਫਿਰ ਮੋਕੇ ਦੀ ਤਲਾਸ਼ ਵਿੱਚ ਆਪਣਾ ਸੂਬਾ ਜਾਂ ਆਪਣਾ ਦੇਸ਼ ਵੀ ਛੱਡਣਾ ਪੈਂਦਾ ਹੈ ਅਤੇ ਮਜ਼ਬੂਰੀ ਵੱਸ ਬਾਹਰ ਦਾ ਰੁੱਖ ਕਰਨਾ ਪੈਂਦਾ ਹੈ। ਪਿਛਲੇ ਸਾਲਾਂ ਦਾ ਰਿਕਾਰਡ ਲਈਏ ਤਾਂ ਪਤਾ ਲਗਦਾ ਹਜ਼ਾਰਾ ਨਹੀਂ ਲੱਖਾਂ ਦੀ ਤਾਦਾਦ ਵਿੱਚ ਭਾਰਤੀ ਬਾਹਰ ਗਏ ਹਨ। ਜੇ 2016 ਤੋਂ 2021 ਤੱਕ ਦਾ ਅੰਕੜਾ ਲਈਏ ਤਾਂ ਇੱਕਲੇ ਪੰਜਾਬ ਵਿਚੋਂ 4,75,000 ਲੋਕ ਰੋਜ਼ਗਾਰ ਲਈ ਪੰਜਾਬ ਛੱਡ ਕੇ ਬਾਹਰਲੇ ਮੁਲਕਾਂ ਵਿੱਚ ਗਏ ਹਨ, ਇਸੇ ਸਮੇਂ ਦੌਰਾਨ ਭਾਰਤ ਵਿਚੋਂ 1 ਕਰੋੜ 37 ਲੱਖ ਲੋਕਾਂ ਨੇ ਦੇਸ਼ ਛੱਡਿਆ ਹੈ। ਪੜ੍ਹਾਈ ਦੇ ਲਈ ਬਾਹਰ ਜਾਣ ਵਾਲਿਆਂ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ ਇਹ ਅੰਕੜਾ 2016 ਵਿੱਚ 4,40,000 ਸੀ ਜੋ ਵੱਧ ਕੇ 2019 ਵਿੱਚ 7,70,000 ਤੇ ਪਹੁੰਚ ਗਿਆ ਅਤੇ ਇਕ ਅਨੁਮਾਨਅਨੁਸਾਰ 2024 ਤੱਕ ਇਹ ਅੰਕੜਾ ਵੱਧ ਕਿ 18 ਲੱਖ ਤੱਕ ਪਹੁੰਚ ਜਾਵੇਗਾ। ਇਹਨਾਂਲੋਕਾਂ ਵਲੋਂ ਜਿਹੜਾ ਪੈਸਾ ਬਾਹਰ ਲੈ ਕੇ ਜਾਇਆ ਜਾ ਰਿਹਾ ਹੈ ਉਹ 28 ਬਿਲੀਅਨ ਡਾਲਰ ਤੋ ਵੱਧ ਕੇ 80 ਬਿਲੀਅਨ ਡਾਲਰ ਹੋ ਜਾਵੇਗਾ। ਇਸ ਵਿੱਚ ਇਕ ਹੈਰਾਨੀ ਜਨਕ ਖੁਲਾਸਾ ਹੋਰ ਦੇਖਣ ਨੂੰ ਮਿਲਦਾ ਹੈ ਕਿ ਜਿਹੜੇ ਬੱਚੇ ਭਾਰਤ ਵਿੱਚ ਪੜ੍ਹਦੇ ਹਨ ਉਹ 84% ਜਨਰਲ ਕੋਰਸ ਪੜ੍ਹਦੇ ਹਨ ਅਤੇ 16% ਸਪੈਸ਼ਲ ਕੋਰਸ ਜਦਕਿ ਬਾਹਰ ਜਾਣ ਵਾਲੇ 70% ਵਿਦਿਆਰਥੀ ਸਪੈਸ਼ਲਾਇਜ਼ਡ ਅਤੇ 30% ਜਨਰਲ ਕੋਰਸ ਪੜ੍ਹਦੇ ਹਨ। ਸਪੈਸ਼ਲਾਇਜ਼ਡ ਕੋਰਸ ਵਿੱਚ ਕੰਪਿਊਟਰ ਐਪਲੀਕੇਸ਼ਨ, ਨਰਸਿੰਗ ਇੰਜੀਨੀਅਰਿੰਗ ਟੈਕਨਾਲਜੀ ਅਤੇ ਅੱਜ ਸਭ ਤੋ ਵੱਧ ਚਰਚਾ ਵਾਲਾ ਕੋਰਸ ਐਮ ਬੀ ਬੀ ਐਸ ਆਉਂਦੇ ਹਨ। ਇਹਨਾਂ ਵਿਚੋਂਕੁੱਝ ਵਿਦਿਆਰਥੀ ਵਿਕਸਤ ਮੁਲਕਾਂ ਵਿੱਚ ਮੈਡੀਕਲ ਦੀ ਪੜ੍ਹਾਈ ਕਰ ਰਹੇ ਹਨ ਤੇ ਕਾਫੀ ਸਾਡੇ ਗੁਆਂਢੀ ਦੇਸ਼ਾ ਵਿੱਚ ਪੜ੍ਹ ਰਹੇ ਹਨ। ਇਹਨਾਂ ਵਿਚੋਂ ਜਿਆਦਾਤਰ ਬੱਚੇ ਚੀਨ, ਰੂਸ, ਯੂਕਰੇਨ, ਫਿਲੀਪਾਈਨਜ਼, ਨੇਪਾਲ, ਕਰੇਬੀਅਨ, ਕਜਾਕਿਸਤਾਨ, ਪੋਲੇਂਡ, ਅਤੇ ਬੰਗਲਾਦੇਸ਼ ਆਦਿ ਜਾਦੇ ਹਨ ਇਹ ਉਹ ਦੇਸ਼ ਹਨ ਜਿਥੇ ਮੈਡੀਕਲ ਯਾਨੀ ਐਮ ਬੀ ਬੀ ਐਸ ਦੀ ਪੜ੍ਹਾਈ ਭਾਰਤ ਨਾਲੋਂ ਸਸਤੀ ਹੈ। ਪਰ ਇਸ ਦੇ ਨਾਲ ਹੀ ਅਮਰੀਕਾ, ਯੂਕੇ, ਜਰਮਨੀ ਅਤੇ ਹੋਰ ਵਿਕਸਤ ਦੇਸ਼ਾਂ ਵਿੱਚ ਵੀ ਸਾਡੇ ਦੇਸ਼ ਦੇ ਬੱਚੇ ਡਾਕਟਰੀ ਕਰਨ ਜਾਂਦੇ ਹਨ।



ਇਥੇ ਸਭ ਤੋ ਵੱਡੀ ਗੱਲ ਹੈ ਕਿ ਸਾਡੇ ਦੇਸ਼ ਵਿੱਚ ਡਾਕਟਰਾਂ ਦੀ ਕਮੀ ਹੈ। 2019 ਵਿੱਚ ਈ.ਟੀ ਵਿੱਚ ਛਪੀ ਹੈਲਥ ਰਿਪੋਰਟ ਦੇ ਮੁਤਾਬਕ ਭਾਰਤ ਵਿਚ 6 ਲੱਖ ਡਾਕਟਰਾਂ ਅਤੇ 20 ਲੱਖ (2 ਮਿਲੀਅਨ) ਨਰਸਾਂ ਦੀ ਕਮੀ ਹੈ। ਇਸ ਰਿਪੋਰਟ ਦੇ ਮੁਤਾਬਕ 10,189 ਲੋਕਾਂ ਮਗਰ 1 ਸਰਕਾਰੀ ਡਾਕਟਰ ਹੈ। ਕਰੋਨਾ ਮਹਾਂਮਾਰੀ ਦੌਰਾਨ 1511 ਲੋਕਾਂ ਮਗਰ 1 ਡਾਕਟਰ ਅਤੇ 670 ਲੋਕਾ ਮਗਰ 1 ਨਰਸ ਸੀ ਜਦਕਿ ਡਬਲਿਯੂ ਐਚ ਓ ਮੁਤਾਬਕ 1000 ਲੋਕਾਂ ਮਗਰ 1 ਡਾਕਟਰ ਅਤੇ 300 ਲੋਕਾਂ ਮਗਰ 1 ਨਰਸ ਹੋਣੀ ਚਾਹੀਦ ਹੈ।ਭਾਰਤ ਦੇ ਹਸਪਤਾਲਾਂ ਵਿੱਚ 18,99,228 ਮੰਜੇ ਹਨ। ਇਹਨਾ ਵਿਚੋ 60% ਪ੍ਰਾਈਵੇਟ ਹਸਪਤਾਲਾਂ ਵਿੱਚ ਹਨ।



ਡਾ. ਅਮਨਪ੍ਰੀਤ ਸਿੰਘ ਬਰਾੜ
96537-90000

ਭਾਵੇਂ ਸਾਡੇ ਦੇਸ਼ ਵਿੱਚ ਡਾਕਟਰਾਂ ਦੀ ਕਮੀ ਹੈ ਪਰ ਫੇਰ ਵੀ ਨਵੇ ਡਾਕਟਰ ਬਣਾਉਣ ਤੇ ਸਰਕਾਰ ਵਲੋ ਕੋਈ ਤਵਜ਼ੋ ਨਹੀ ਦਿਤੀ ਜਾ ਰਹੀ। ਸਾਡੇ ਦੇਸ਼ ਵਿੱਚ ਡਾਕਟਰੀ ਦੀ ਪੜ੍ਹਾਈ ਲਈ ਦੋਵੇ ਤਰ੍ਹਾਂ ਦੇ ਸਰਕਾਰੀ ਤੇ ਪ੍ਰਾਈਵੇਟ ਕਾਲਜ ਹਨ ਪਰ ਇਹਨਾ ਵਿੱਚ ਸੀਟਾਂ ਦੀ ਵੱਡੀ ਘਾਟ ਹੈ ਕੁੱਲ ਮਿਲਾ ਕੇ ਹਰ ਸਾਲ 83075 ਐਮ ਬੀ ਬੀ ਐਸ 26949 ਬੀ ਡੀ ਐਸ ਅਤੇ 52720 ਅਯੂਸ਼ 603 ਬੀ ਵੀ ਐਸ ਸੀ ਅਤੇ ਏ ਐਚ ਦੀਆਂ ਸੀਟਾਂ ਹਨ। ਇਹ ਸਾਰੀਆਂ ਸੀਟਾਂ ਦਾਖਲੇ ਲਈ ਇੱਕ ਕਾਮਨ ਸਰਵਉਚਤਮ ਇਮਤਿਹਾਨ ਜਿਸ ਨੂੰ ਐਨ ਈ ਈ ਟੀ(ਓਓਠ) ਕਹਿੰਦੇ ਹਨ ਉਸ ਨੂੰ ਕਲੀਅਰ ਕਰਕੇ ਲੈਣਾ ਪੈਂਦਾ ਹੈ। ਸਾਲ 2021 ਵਿੱਚ 15,44,275 ਬੱਚਿਆਂ ਨੇ ਇਮਤਿਹਾਨ ਦਿੱਤਾ ਜਿਸ ਵਿਚੋ 8,70,074 ਬੱਚੇ ਪਾਸ ਹੋਏ। ਇਸ ਵਿੱਚੋਂ 3,75,260 ਲੜਕੇ ਅਤੇ 4,94,606 ਲੜਕੀਆਂ ਸੀ। ਯਾਨੀ ਜੇ ਅਸੀ ਇਸ ਦੀ ਔਸਤ ਲਈਏ ਤਾਂ ਤਕਰੀਬਨ ਐਮ ਬੀ ਬੀ ਐਸ ਵਿੱਚ ਸਿਰਫ 10% ਸੀਟਾਂ ਹਨ। ਇਹ ਕਹਿ ਲਉ ਕਿ 90 ਪ੍ਰਤੀਸ਼ਤ ਨੀਟ ਪਾਸ ਵਿਦਿਆਰਥੀਆਂ ਨੂੰ ਭੀ ਭਾਰਤ ਵਿੱਚ ਦਾਖਲਾ ਨਹੀ ਮਿਲਦਾ। ਸਰਕਾਰੀ ਕਾਲਜਾਂ ਵਿੱਚ ਤਕਰੀਬਨ 55 ਹਜ਼ਾਰ ਸੀਟਾ ਹਨ ਜਿਨ੍ਹਾਂ ਵਿਚੋਂ 65% ਰਾਖਵੀ ਕਰਨ ਵਿੱਚ ਨਿੱਕਲ ਜਾਂਦੀਆਂ ਹਨ।ਪੰਜਾਬ ਵਿੱਚ ਕੁੱਲ ਮਿਲਾ ਕੇ 1280 ਸੀਟਾਂ ਹਨ, ਜਿੰਨਾਂ ਵਿੱਚ 675 ਸਰਕਾਰੀ ਕਾਲਜਾਂ ਵਿੱਚ ਹਨ। ਜਿਹੜੇ ਬੱਚੇ ਨੂੰ ਇਥੇ ਦਾਖਲਾ ਨਹੀ ਮਿਲਦਾ ਉਹ ਫਿਰ ਬਾਹਰ ਦਾ ਰੁੱਖ ਕਰਦੇ ਹਨ। ਸਾਲ 2021 ਵਿੱਚ ਚੀਨ ਵਿੱਚ ਹੀ 23000 ਬੱਚੇ ਮੈਡੀਕਲ ਦੀ ਪੜ੍ਹਾਈ ਕਰ ਰਹੇ ਸਨ। ਇਸੇ ਤਰ੍ਹਾਂ ਰੂਸ ਤੇ ਯੂਕਰੇਨ ਦੀ ਲੜਾਈ ਵਿੱਚ ਪਤਾ ਲੱਗਿਆ ਹੈ ਕਿ ਜੋ ਡਾਟਾ ਮਨਿਸਟਰੀ ਆਫ ਐਜੂਕੇਸ਼ਨ ਅਤੇ ਵਿਗਿਆਨ ਯੂਕਰੇਨ ਨੇ ਦਿਤਾ ਹੈ ਉਸ ਮੁਤਾਬਕ 18095 ਵਿਦਿਆਰਥੀ ਮੈਡੀਕਲ ਦੀ ਪੜ੍ਹਾਈ ਕਰ ਰਹੇ ਹਨ। ਜਿਸ ਦਿਨ ਦੀ ਲੜਾਈ ਸ਼ੁਰੂ ਹੋਈ ਹੈ ਕਈ ਪਾਸਿਉਂ ਇਹਨਾ ਵਿਦਿਆਰਥੀਆਂ ਤੇ ਪ੍ਰਤੀਕਿਰਿਆ ਸੁਣਨ ਨੂੰ ਮਿਲੀ ਹੈ। ਇਹਨਾਂ ਦੀ ਪੜ੍ਹਾਈ ਤੋਂ ਪਹਿਲਾਂ ਅਤੇ ਪੜ੍ਹਨ ਤੋ ਬਾਅਦ ਦੀ ਕਾਬਲੀਅਤ ਸਬੰਧੀ ਸਵਾਲ ਚੁੱਕੇ ਜਾ ਰਹੇ ਹਨ। ਤਪਸਰਾ ਕਰਨ ਵਾਲਿਆ ਨੇ ਕਦੇ ਇਹ ਘੋਖਣ ਦੀ ਕੋਸ਼ਿਸ਼ ਨਹੀ ਕੀਤੀ ਕਿ ਹਰ ਤਰ੍ਹਾਂ ਦੀ ਪੜ੍ਹਾਈ ਲਈ ਦੇਸ਼ ਦੇ ਅੰਦਰ ਕਿੰਨੀ ਸਹੂਲਤ ਹੈ ਅਤੇ ਉਥੇ ਕਿਸ ਦਰਜੇ ਦੀ ਪੜ੍ਹਾਈ ਕਰਾਈ ਜਾਂਦੀ ਹੈ। ਪੜ੍ਹਾਈ ਵਾਲੀਆਂ ਸੰਸਥਾਵਾਂ ਦਾ ਮੁਲਾਅਂਕਣ ਵੀ ਸਹੀ ਢੰਗ ਨਾਲ ਨਹੀ ਹੋ ਰਿਹਾ। ਮੁਲਾਂਕਣ ਕਰਨ ਵਾਲੇ ਛੇਤੀ ਕੀਤੇ ਤਾਂ ਇੰਸਟੀਚਿਊਟ ਵੇਖਣ ਜਾਂਦੇ ਹੀ ਨਹੀ ਜਿਹੜੇ ਜਾਂਦੇ ਹੈ ਉਹ ਭਰਿਸ਼ਟਾਚਾਰ ਦੇ ਭਾਰ ਹੇਠ ਦੱਬੇ ਜਾਂਦੇ ਹਨ। ਟ੍ਰਿਬਿਊਨ ਦੀ 3 ਮਾਰਚ ਦੀ ਅਖਬਾਰ ਵਿੱਚ ਛਪਿਆ ਹੈ ਕਿ ਬਾਹਰੋ ਪੜ੍ਹੇ ਬਹੁਤੇ ਵਿਦਿਆਰਥੀ ਏਥੋਂ ਦੇ ਟੈਸਟ ਪਾਸ ਨਹੀਂ ਕਰ ਸਕੇ। ਇਹ ਹਾਲਾਤ ਸਿਰਫ ਬਾਹਰਲੇ ਪੜ੍ਹਿਆਂ ਦੇ ਨਹੀਂ ਏਥੋ ਦੇ ਪੜ੍ਹਿਆਂ ਦੇ ਵੀ ਉਹੋ ਜਿਹੇ ਹੀ ਹਨ। ਕਦੇ ਬਾਕੀ ਦੇ ਟੈਸਟਾਂ ਦਾ ਵੀ ਡੇਟਾ ਇਕੱਠਾ ਕਰਕੇ ਘੋਖੋ ਇੰਟਰਨਲ ਅਸੈਸਮੈਂਟਾਂ ਅਤੇ ਪ੍ਰਾਈਵੇਟਾਈਜੇਸ਼ਨ ਨੇ ਵਿੱਦਿਆ ਨੂੰ ਵਪਾਰ ਬਣਾ ਦਿਤਾ ਹੈ।

ਬਾਹਰ ਜਾ ਕੇ ਮੈਡੀਕਲ ਦੀ ਪੜਾਈ ਸ਼ੌਕ ਜਾਂ ਮਜ਼ਬੂਰੀ: ਇਹ ਇੱਕ ਵੱਡਾ ਸਵਾਲ ਹੈ ਕਿ ਬਾਹਰਲੇ ਮੁਲਕਾਂ ਵਿੱਚ ਜਾ ਕੇ ਪੜ੍ਹਾਈ ਕਰਨਾ ਸ਼ੋਕ ਜਾਂ ਮਜ਼ਬੂਰੀ ਹੈ। ਇਸ ਵਿੱਚ ਦੋ ਤਰੀਕੇ ਦੇ ਲੋਕ ਹਨ। ਅਮਰੀਕਾ ਯੂਕੇ ਵਰਗੇ ਮੁਲਕਾਂ ਵਿੱਚ ਜਾ ਕੇ ਡਾਕਟਰੀ ਕਰਨ ਵਾਲੇ ਵਿਦਿਆਰਥੀ ਵੱਡੇ ਘਰਾਣਿਆਂ ਅਤੇ ਪੈਸੇ ਵਾਲਿਆਂ ਦੇ ਹਨ ਜਿਵੇ ਕਿ ਸੈਲੀਬਰਟੀਟੀ ਜਾਂ ਫਿਰ ਵੱਡੇ ਡਾਕਟਰਾਂ ਦੇ ਬੱਚੇ ਕਿਉਂਕਿ ਇਹਨਾ ਮੁਲਕਾਂ ਵਿੱਚ ਇਕ ਸਾਲ ਦੀ ਫੀਸ ਹੀ ਤਕਰੀਬਨ 75 ਲੱਖ ਤੋ ਕਰੋੜ ਤੱਕ ਹੈ। ਜਦਕਿ ਭਾਰਤ ਵਿੱਚ ਪ੍ਰਾਈਵੇਟ ਕਾਲਜਾਂ ਦੀ ਫੀਸ 50 ਲੱਖ ਤੋ ਕਰੋੜ ਤੱਕ ਪੂਰੇ ਕੋਰਸ ਦੀ ਹੈ। ਪਰ ਸਰਕਾਰੀ ਕਾਲਜਾਂ ਵਿੱਚ ਫੀਸ 2 ਲੱਖ ਪ੍ਰਤੀ ਸਾਲ ਹੈ ਜੋ ਤਕਰੀਬਨ 8 ਤੋ 10 ਲੱਖ ਕੋਰਸ ਲਈ ਬਣਦੀ ਹੈ। ਪਰ ਸਾਰੇ ਇਹਨੇ ਕਿਸਮਤ ਵਾਲੇ ਨਹੀਂ ਹੁੰਦੇ ਕਿ ਉਹਨਾਂ ਨੂੰ ਸੀਟ ਸਰਕਾਰੀ ਕਾਲਜ ਵਿੱਚ ਮਿਲ ਸਕੇ ਅਤੇ ਪ੍ਰਾਈਵੇਟ ਦੀ ਫੀਸ ਭਰਨ ਦੀ ਉਹਨਾਂ ਵਿੱਚ ਸਮਰਥਾ ਨਹੀ ਹੁੰਦੀ। ਇਸ ਲਈ ਚੀਨ, ਰੂਸ, ਯੂਕਰੇਨ ਵਰਗੇ ਮੁਲਕਾਂ ਦਾ ਰੁੱਖ ਕਰਦੇ ਹਨ ਕਿਉਂਕਿ ਉਥੇ ਸਾਰੇ ਕੋਰਸ ਦੀ ਫੀਸ ਤਕਰੀਬਨ 25 ਲੱਖ ਦੇ ਕਰੀਬ ਹੈ। ਯਾਨੀ ਪ੍ਰਾਈਵੇਟ ਕਾਲਜਾਂ ਦੇ ਅੱਧੇ ਪੈਸੇ ਲਗਦੇ ਹਨ। ਸੁਪਨੇ ਸਾਕਾਰ ਕਰਨ ਦਾ ਹੱਕ ਹਰ ਇਕ ਨੂੰ ਹੈ ਜਿਸਦੇ ਕੋਲ ਪੈਸੇ ਘੱਟ ਹਨ ਉਹ ਬਾਹਰ ਜਾ ਕੇ ਆਪਣਾ ਸੁਨਹਿਰੀ ਭਵਿੱਖ ਬਨਾਉਣ ਦੀ ਕੋਸ਼ਿਸ਼ ਕਰਦੇ ਹਨ।

ਡੀਗਰੀ ਦੀ ਵੈਲਿਉ: ਭਾਰਤ ਵਿੱਚ ਜੇ ਕੋਈ ਵੀ ਵਿਦਿਆਰਥੀ ਐਮ ਬੀ ਬੀ ਐਸ ਕਰਦਾ ਹੈ ਉਸਨੂੰ ਅੱਗੋ ਨੈਸ਼ਨਲ ਐਗਜਿਟ ਟੈਸਟ (ਓਯਠ) ਦੇਣਾ ਪੈਂਦਾ ਹੈ ਲਾਇਸੈਂਸ ਲੈ ਕੇ ਪਰੇਕਟਿਸ ਕਰਨ ਲਈ ਜਾਂ ਫਿਰ ਅੱਗੋ ਪੀ ਜੀ ਦੀ ਪੜ੍ਹਾਈ ਕਰਨ ਲਈ। ਇਸੇ ਤਰ੍ਹਾਂ ਬਾਹਰਲੇ ਦੇਸ਼ ਤੋ ਐਮ ਬੀ ਬੀ ਐਸ ਕਰਨ ਵਾਲੇ ਵਿਦਿਆਰਥੀਆਂ ਨੂੰ ਫੌਰੇਨ ਮੈਡੀਕਲ ਗ੍ਰੇਜੂਏਟ ਐਗਜਾਮਿਨੇਸ਼ਨ ਦੇਣਾ ਪੈਂਦਾ ਉਸ ਨੂੰ ਕਲੀਰ ਕਰਨ ਤੋ ਬਾਅਦ ਹੀ ਉਸ ਡਾਕਟਰ ਨੂੰ ਪਰੈਕਟਿਸ ਕਰਨ ਦਾ ਲਾਇੰਸੈਂਸ ਦਿਤਾ ਜਾਂਦਾ ਹੈ। ਪਰ ਭਾਰਤ ਵਿੱਚ ਜਿਹੜੇ ਵਿਦਿਆਰਥੀ ਅਮਰੀਕਾ, ਯੂਕੇ, ਅਸਟਰੇਲੀਆ, ਨਿਉਜੀਲੈਂਡ ਅਤੇ ਕਨੇਡਾ ਤੋ ਐਮ ਬੀ ਬੀ ਐਸ ਕਰਕੇ ਆਉਂਦੇ ਹਨ ਉਹਨਾਂ ਲਈ ਇਹ ਇਮਤਿਹਾਨ ਲਾਜਮੀ ਨਹੀ ਹੈ। ਇਸ ਤਰ੍ਹਾਂ ਜਿਹੜੇ ਵਿਦਿਆਰਥੀ ਯੂਕਰੇਨ ਦੀਆਂ ਯੂਨੀਵਰਸਿਟੀਆਂ ਵਿੱਚ ਮੈਡੀਕਲ ਕਰਦੇ ਹਨ ਉਹਨਾਂ ਦੀ ਡਿਗਰੀ ਦੁਨੀਆਂ ਵਿੱਚ ਮਾਨਤਾ ਪ੍ਰਾਪਤ ਹੈ ਅਤੇ ਕਈ ਦੇਸ਼ਾਂ ਵਿੱਚ ਪਰੈਕਟਿਸ ਲਈ ਟੈਸਟ ਵੀ ਨਹੀ ਦੇਣਾ ਪੈਂਦਾ ਹੈ।

ਇਸ ਵੇਲੇ ਸੋਚ ਦੀ ਗੱਲ ਇਹ ਹੈ ਕਿ ਸਰਕਾਰ ਇਸ ਵੱਲ ਧਿਆਨ ਕਿਉਂ ਨਹੀ ਦੇ ਰਹੀ ਕੀ ਅਸੀਂ ਆਪਣੇ ਮੁਲਕ ਵਿੱਚ ਸੀਟਾਂ ਨਹੀ ਵਧਾ ਸਕਦੇ ਜੇ ਸ਼ੁਰੂਆਤ ਵਿੱਚ ਪੜ੍ਹਾਉਣ ਵਾਲੇ ਡਾਕਟਰਾਂ ਦੀ ਕਮੀ ਹੈ ਤਾਂ ਉਹ ਅਸੀ ਬਾਹਰੋ ਲੈ ਆਈਏ। ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਸ਼ੁਰੂ ਤੋ ਲੈ ਕੇ ਉਹ ਹੀ 150 ਸੀਟਾ ਹਨ। ਕੀ ਸੀਟਾਂ ਵਧਾਈਆ ਨਹੀਂ ਜਾ ਸਕਦੀਆਂ ਦੂਜਾ ਪ੍ਰਾਈਵੇਟ ਕਾਲਜਾ ਵਾਲੇ ਵੀ ਸੀਟਾ ਵਧਾ ਲੈਣ ਫੀਸ ਘੱਟ ਕਰਲੈਣ ਡੋਨੇਸ਼ਨ ਤੇ ਰੋਕ ਲਗੇ। ਇਸ ਨਾਲ ਸਭ ਤੋ ਵੱਡੀ ਗੱਲ ਹੈ ਸਾਡੀ ਫੌਰੇਨ ਐਕਸਚੇਂਜ ਬਚੂਗੀ ਦੂਜਾ ਹੋਲੀ ਹੋਲੀ ਸਾਡੇ ਕੋਲ ਡਾਕਟਰਾਂ ਦੀ ਕਿਲਤ ਵੀ ਘਟੂਗੀ। ਜਿਸ ਨਾਲ ਦੇਸ਼ ਦੇ ਲੋਕਾਂ ਦੀ ਸਿਹਤ ਸੁਧਾਰ ਵਿੱਚ ਵੱਡਾ ਯੋਗਦਾਨ ਪਊਗਾ ਪਰ ਅਫਸੋਸ ਸਾਡੀਆਂ ਸਰਕਾਰਾਂ ਕਾਬਿਲ ਵਿਅਕਤੀਆਂ ਨੂੰ ਬਾਹਰ ਤੋਰਨ ਤੇ ਲੱਗੀਆਂ ਹੋਈਆਂ ਹਨ। ਇਹਨਾਂ ਨੂੰ ਏਥੇ ਸਿਰਫ ਵੋਟਾਂ ਹੀ ਚਾਹੀਦੀਆਂ ਹਨ ਜਿਨਾਂ ਨੂੰ 5 ਕਿਲੋ ਅਨਾਜ਼ ਅਤੇ ਹਜ਼ਾਰ ਦੋ ਹਜ਼ਾਰ ਜੇਬ ਖਰਚ ਦੇ ਕੇ ਸਰਕਾਰ ਦੇ ਲਾਭਪਾਤਰੀ ਬਣਾਇਆ ਜਾ ਸਕੇ। ਪਿਛਲੇ ਪੰਜ ਸਾਲਾਂ ਵਿੱਚ ਤਕਰੀਬਨ 1 ਕਰੋੜ 37 ਲੱਖ ਲੋਕਭਾਰਤ ਤੋ ਬਾਹਰ ਗਏ ਹਨ ਯਾਨੀ ਜੇ ਇਕ ਬੰਦਾ 20 ਲੱਖ ਵੀ ਲੈ ਕੇ ਗਿਆ ਤਾਂ ਤਕਰੀਬਨ 27 ਲੱਖ 40 ਹਜ਼ਾਰ ਕਰੋੜ ਬਣਦਾ ਜੋ 2016 ਤੋਂਹੁਣ ਤੱਕ ਬਾਹਰ ਜਾ ਚੁੱਕੇਹਨ ਜੇ ਇਹ ਪੈਸਾ ਇਥੇ ਲੱਗਦਾ ਤਾਂ ਵਿਕਾਸ ਦੇ ਨਾਲ ਨਾਲ ਕਿੰਨੇ ਲੋਕਾਂ ਨੂੰ ਰੋਜਗਾਰ ਮਿਲਦਾ। ਅਗਰ ਇਹ ਪੈਸਾ ਇਥੇ ਖਰਚਿਆ ਜਾਂਦਾ ਤਾਂ ਤਕਰੀਬਨ 3 ਲੱਖ 29 ਹਜ਼ਾਰ ਕਰੋੜ ਸਰਕਾਰ ਨੂੰ ਰੈਵਨਿਉ ਵੀ ਆਉਂਦਾ।

ਸੋ ਸਰਕਾਰਾ ਅਜੇ ਵੀ ਸੋਚਣ ਕਿ ਉਹ ਕਿਹੜੇ ਪਾਸੇ ਤੁਰ ਰਹੀਆ ਹਨ। ਜਿਸ ਤਰ੍ਹਾਂ ਉਹ ਆਪਣੇ ਦਿਮਾਗੀ ਲੋਕਾਂ ਨੂੰ ਬਾਹਰ ਧੱਕਣ ਲਗੀਆ ਹਨ ਤੇ ਫੇਰ ਜਦੋ ਉਹੀ ਵਿਅਕਤੀ ਬਾਹਰਲੇ ਮੁਲਕ ਵਿੱਚ ਇਜ਼ਤ ਤੇ ਸ਼ੋਹਰਤ ਕਮਾਉਂਦਾ ਹੈ ਤਾਂ ਸਾਡੇ ਸਿਆ-ਸਤਦਾਨ ਇਹ ਕਹਿਣੋ ਨਹੀ ਝਿਜਕਦੇ ਇਹ ਭਾਰਤੀ ਮੂਲ ਦਾ ਆਦਮੀ ਹੈ।ਸੋ ਬੇਨਤੀ ਹੈ ਕਿ ਦੇਸ਼ ਦਾ ਸਰਮਾਇਆ ਜੋ ਉਸਦੀ ਨੌਜਵਾਨ ਪੀੜੀ ਹੈ ਅਤੇ ਨਾਲ ਹੀ ਧਨ ਜੋ ਆਰਥਿਕਤਾ ਸੁਧਾਰਣ ਦੇ ਕੰਮ ਆ ਸਕਦਾ ਹੈ ਉਸਨੂੰ ਸੜਕਾਂ ਤੇ ਨਾ ਰੋਲੋ ਤਾਂ ਜੋ ਉਹ ਮਜ਼ਬੂਰ ਹੋ ਜਾਵੇ ਦੇਸ਼ ਛੱਡਣ ਲਈ।

# ਬਹਾਰਾਂ ਗੀਤ ਨੇ ਗਾਉਂਦੀਆਂ ਜਿੱਥੇ ਔਰਤ ਦਾ ਸਨਮਾਨ



ਹਰਕੀਰਤ ਕੌਰ
9779118066

ਸਮਾਂ ਲਗਾਤਾਰ ਆਪਣੀ ਚਾਲੇ ਚਲਦਾ ਰਹਿੰਦਾ ਹੈ , ਇਸ ਦੇ ਨਾਲ ਹੀ ਸਮਾਜ ਵਿੱਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ, ਸਮੇਂ ਦੇ ਇਸ ਗੇੜ ਨਾਲ ਭਾਵੇਂ ਸਮਾਜ ਭੌਤਿਕ ਤੌਰ ਤੇ ਤਰੱਕੀ ਕਰੇ ਪਰ ਜੇਕਰ ਉਸਦੀ ਸੋਚ ਵਿੱਚ ਤਬਦੀਲੀ ਨਾ ਆਵੇ ਤਾਂ ਸਿੱਟੇ ਕੁਝ ਕਾਰਗਰ ਨਹੀਂ ਨਿਕਲਦੇ।

ਜੇਕਰ ਸਮੇਂ ਦੇ ਚਲਦੇ ਇਸ ਚੱਕਰਵਿਊ ਵਿੱਚ ਔਰਤ ਦੀ ਗੱਲ ਕੀਤੀ ਜਾਂਵੇ ਤਾਂ ਯੁੱਗ ਭਾਵੇਂ ਕੋਈ ਵੀ ਹੋਵੇ ਔਰਤ ਦਾ ਨਾਮ ਲੈਂਦਿਆਂ ਹੀ ਤਿਆਗ, ਸ਼ਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੇ ਸੋਚ ਦੇ ਵਿਹੜੇ ਮਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਦਰਸਾਉਂਦਿਆਂ ਨਾਨਕ ਸਿੰਘ ਲਿਖਦਾ ਹੈ,''ਓ ਇਸਤਰੀ! ਤੂੰ ਐਡੀ ਉੱਚਤਾ, ਐਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਕਾਂਗਾਂ ਤੇਰੇ ਵਿੱਚ,ਤਿਆਗ ਦੇ ਅਟੁੱਟ ਪਹਾੜ ਤੇਰੇ ਵਿੱਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿੱਚ। ਇਹ ਸਭ ਕੁਝ, ਹੇ ਇਸਤਰੀ! ਤੂੰ ਕਿੱਥੋਂ ਪ੍ਰਾਪਤ ਕਰ ਲਿਆ?'' ਪਰ ਇਸ ਸਭ ਦੇ ਚਲਦਿਆਂ ਔਰਤ ਬਚਪਨ ਤੋਂ ਬਹੁਤ ਸਾਰੇ ਵਿਤਕਰਿਆ ਦਾ ਸ਼ਿਕਾਰ ਹੁੰਦੀ ਆਈ ਹੈ।

ਭਾਰਤੀ ਸਮਾਜ ਸ਼ੁਰੂ ਤੋਂ ਹੀ ਮਰਦ ਪ੍ਰਧਾਨ ਦੇਸ਼ ਰਿਹਾ ਹੈ। ਔਰਤ, ਜੋ ਕਿ ਸਮਾਜ ਦਾ 50 ਫ਼ੀ ਸਦੀ ਹਿੱਸਾ ਹੈ, ਨੂੰ ਸਮਾਜ ਨੇ ਉਹ ਮਾਣ-ਸਨਮਾਨ ਨਹੀਂ ਦਿਤਾ ਜਿਸ ਦੀ ਉਹ ਹੱਕਦਾਰ ਹੈ। ਜਦਕਿ ਸਾਰੇ ਰਿਸ਼ਤਿਆਂ ਦੀ ਬੁਨਿਆਦ ਖ਼ੁਦ ਔਰਤ ਹੈ। ਆਦਮੀ ਔਰਤ ਦੀ ਕੁੱਖ ਵਿਚੋਂ ਹੀ ਜਨਮ ਲੈਂਦਾ ,ਉਸ ਦੀ ਬੁੱਕਲ ਦਾ ਨਿੱਘ ਮਾਣਦਾ ਹੀ ਪਲਦਾ ਤੇ ਜਵਾਨ ਹੁੰਦਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਆਦਿ ਕਾਲ ਤੋਂ ਲੈਕੇ ਅੱਜ ਤੱਕ ਔਰਤ ਆਪਣੀ ਹੋਂਦ ਲਈ ਲੜਦੀ ਆ ਰਹੀ ਹੈ।ਹਰ ਸਮਾਜ ਵਿੱਚ ਹਰ ਸਮੇਂ ਵਿੱਚ ਇਸ ਕਿਰਦਾਰ ਨੂੰ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਹੈ। ਮਮਤਾ ਦੀ ਮੂਰਤ, ਰੱਬ ਦਾ ਦੂਜਾ ਨਾਂ ਕਹੀ ਜਾਣ ਵਾਲੀ ਔਰਤ ਨੂੰ ਪੈਰ ਦੀ ਜੁੱਤੀ ਵੀ ਸਮਝਿਆ ਜਾਂਦਾ ਹੈਂ।ਬੇਸ਼ਕ ਅੱਜ ਦੇ ਦੌਰ 'ਚ ਅਸੀਂ ਦਾਅਵਾ ਕਰਦੇ ਹਾਂ ਕਿ ਔਰਤ ਸਮਾਨਤਾ ਦਾ ਅਧਿਕਾਰ ਮਾਣ ਰਹੀ ਹੈ। ਪਰ ਅਸੀ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਹਾਂ। ਅਖ਼ਬਾਰਾਂ, ਖ਼ਬਰਾਂ, ਟੀ. ਵੀ, ਫਿਲਮਾਂ ਦੇ ਕੈਮਰਿਆਂ ਦੀ ਅੱਖ ਤੋਂ ਦੂਰ ਘਰਾਂ ਦੀਆਂ ਚਾਰ ਦਿਵਾਰੀਆਂ ਵਿੱਚ ਬੈਠੀਆਂ ਬਹੁਤ ਸਾਰੀਆਂ ਔਰਤਾਂ ਅੱਜ ਵੀ ਜੀਣ ਦਾ ਚਾਅ ਮਾਰ ਕੇ ਦੱਬੀ ਘੁੱਟੀ ਜ਼ਿੰਦਗੀ ਜੀਅ ਰਹੀਆਂ ਹਨ। ਮੈਂ ਉਹਨਾਂ ਔਰਤਾਂ ਦੀ ਗੱਲ ਕਰ ਰਹੀਂ ਹਾਂ, ਜੋ ਕੈਮਰਿਆਂ ਦੀਆਂ ਨਜ਼ਰਾਂ ਤੋਂ ਉਹਲੇ ਹਨ, ਜੋ ਨਿੱਤ ਤਸ਼ੱਦਦ ਸਹਿੰਦੀਆਂ ਪਤੀ ਦੀ ਕੁੱਟ ਦਾ ਸ਼ਿਕਾਰ ਹੁੰਦੀਆਂ ਹਨ,ਆਪਣੇ ਹੱਡਾ ਨੂੰ ਕੱਠਿਆਂ ਕਰ ਵਿਲਕਦੀਆਂ ਸੌਂ ਜਾਂਦੀਆਂ ਤੇ ਫਿਰ ਉਸੇ ਦਰਦ ਭਰੀ ਦੇਹ ਨਾਲ ਸਵੇਰੇ ਉੱਠ ਅੰਨ ਪਾਣੀ ਕਰਦੀਆਂ, ਮੈਂ ਗੱਲ ਕਰ ਰਹੀਂ ਹਾਂ ਅਨੇਕਾਂ ਉਹਨਾਂ ਫੁੱਟਦੀਆ ਕਰੂਬਲਾਂ ਦੀ ਜਿੰਨਾ ਨੂੰ ਖਿੜਣ ਤੋਂ ਪਹਿਲਾਂ ਮਰਦ ਆਪਣੀ ਹਵਸ਼ ਦੇ ਭਾਰ ਹੇਠ ਦਰੜ ਦਿੰਦਾ ਹੈ, ਤੇ ਉਸ ਦਰੜੀ ਕਰੂੰਬਲ ਦੀ ਅਵਾਜ਼ ਅਸਮਾਨ ਤੇ ਧਰਤੀ ਦੋਨਾਂ ਦਾ ਸੀਨਾ ਪਾੜ ਦਿੰਦਾ ਹੈ। ਮੈਂ ਉਹਨਾਂ ਔਰਤਾਂ ਦਾ ਜ਼ਕਿਰ ਕਰ ਰਹੀਂ ਹਾਂ ਜਿੰਨਾਂ ਦੇ ਹੱਥ ਵਿੱਚ ਅੱਜ ਵੀ ਪੈੱਨ,ਪੈੱਨਸਿਲ ,ਕਿਤਾਬਾਂ ,ਕਾਪੀਆਂ ਦੀ ਥਾਂ ਦਾਤੀ, ਰੰਬੇ ਕਹੀਆਂ ਹਨ..... ਸੱਚਮੁੱਚ ਅਜਿਹੀਆਂ ਲੱਖਾਂ ਕਰੋੜਾਂ ਔਰਤਾਂ ਹਨ ਜੋ ਆਪਣੀ ਜੂਨ ਪੂਰੀ ਕਰ ਇਸ ਧਰਤੀ ਤੋਂ ਕੂਚ ਕਰ ਜਾਂਦੀਆਂ ਹਨ।



ਭਾਵੇਂ ਸਮਾਜ ਵਿਚ ਔਰਤ ਨੂੰ ਬਰਾਬਰ ਦਾ ਸਥਾਨ ਦੇਣ ਲਈ ਸਮੇਂ-ਸਮੇਂ 'ਤੇ ਅਨੇਕਾਂ ਯਤਨ ਕੀਤੇ ਗਏ ਹਨ।ਪਰ ਇਸ ਵਿੱਚ ਕੋਈ ਦੋਰਾਇ ਨਹੀਂ ਕਿ ਮਰਦ ਦੀ ਪ੍ਰਧਾਨਗੀ ਦਾ ਪਰਛਾਵਾਂ ਹਮੇਸ਼ਾ ਔਰਤ ਦੇ ਅਕਸ ਤੇ ਭਾਰੂ ਪੈਂਦਾ ਰਿਹਾ ਹੈ।ਔਰਤ ਆਪਣੀ ਜ਼ਿੰਦਗੀ 'ਚ ਕਈ ਕਿਰਦਾਰ ਅਦਾ ਕਰਦੀ ਹੈ ਕਦੇ ਬੇਟੀ, ਕਦੇ ਭੈਣ, ਕਦੇ ਨੂੰਹ, ਕਦੇ ਸੱਸ ਤੇ ਕਦੇ ਪਤਨੀ ਪਰ ਇਹ ਕਿਰਦਾਰ ਨਿਭਾਉਂਦੇ ਹੋਏ ਨਾ ਚਾਹੁੰਦੇ ਹੋਏ ਵੀ ਆਪਣੇ ਸੁਪਨਿਆਂ ਦਾ ਗਲਾ ਘੁੱਟ ਦਿੰਦੀ ਹੈ ਤਾਂ ਜੋ ਉਹ ਪਰਿਵਾਰ ਤੇ ਸਮਾਜ ਦੀਆਂ ਦੂਸ਼ਣਬਾਜ਼ੀਆਂ ਤੋਂ ਬਚ ਸਕੇ।ਪਰ ਆਪਣੇ ਸੁਪਨਿਆਂ ਨੂੰ ਮਾਰਨ ਦੇ ਬਾਵਜੂਦ ਵੀ ਉਸਦੇ ਪੱਲੇ ਸਿਰਫ਼ ਜਲੀਲਤਾ, ਤੇ ਲਾਚਾਰਤਾ ਆਉਂਦੀ ਹੈ। ਮਰਦ ਪ੍ਰਧਾਨ ਸਮਾਜ ਨੇ ਔਰਤਾਂ ਪ੍ਰਤੀ ਅਜਿਹੀ ਮਾਨਸਿਕਤਾ ਬਣਾ ਦਿੱਤੀ ਹੈ ਕਿ ਉਨ੍ਹਾਂ ਦੀ ਸਮਝ ਅਧੂਰੀ ਹੈ, ਉਹ ਆਪਣੇ ਫ਼ੈਸਲੇ ਆਪ ਨਹੀਂ ਲੈ ਸਕਦੀਆਂ। ਇਸ ਸਭ ਦੇ ਚੱਲਦੇ ਹੋਏ ਕੁਝ ਚੇਤਨ ਔਰਤਾਂ ਨੇ ਆਪਣੀ ਦ੍ਰਿੜ੍ਹ ਨਿਸ਼ਚੈ ਦੇ ਬਲਬੂਤੇ ਤੇ ਪਛਾਣ ਬਣਾਈ ਹੈ। ਅੱਜ ਔਰਤਾਂ ਦੇਸ਼ ਦੀ ਪ੍ਰਗਤੀ ਵਿਚ ਅਹਿਮ ਹਿੱਸਾ ਪਾ ਰਹੀਆਂ ਹਨ। ਅੱਜ ਦੀ ਔਰਤ ਬੱਸ ਕੰਡਕਟਰ ਤੋਂ ਲੈ ਕੇ ਚੰਨ ਤਕ ਹਰ ਪਾਸੇ ਅੱਗੇ ਵਧ ਰਹੀ ਹੈ। ਹਰ ਕੰਮ 'ਚ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਚਲ ਰਹੀਆਂ ਹਨ। ਭਾਵੇਂ ਗੱਲ ਹੋਵੇ ਮਦਰ ਟਰੇਸਾ, ਕਲਪਨਾ ਚਾਵਲਾ, ਇੰ-ਦਰਾ ਗਾਂਧੀ, ਕਿਰਨ ਬੇਦੀ, ਸਾਇਨਾ ਨੇਹਵਾਲ ਹਰ ਖੇਤਰ 'ਚ ਔਰਤਾਂ ਨੇ ਆਪਣਾ ਇੱਕ ਮੁਕਾਮ ਹਾਸਿਲ ਕੀਤਾ ਹੈ। ਘਰ ਦੀ ਚਾਰਦੀਵਾਰੀ ਤੋਂ ਬਾਹਰ ਆ ਕੇ ਅੱਜ ਦੀ ਔਰਤ ਬੁਲੰਦੀ ਦੀ ਪਰਵਾਜ਼ ਭਰ ਰਹੀ ਹੈ। ਪਰ ਬਹੁਤ ਸਾਰੀਆਂ ਔਰਤਾਂ ਹਨ ਜੋ ਪੱਛਮ ਦੇ ਨਾਰੀਵਾਦੀ ਸਿਧਾਂਤਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕਰਦੀਆਂ ਹੋਈਆਂ ਆਪਣੀ ਸਥਿਤੀਆਂ ਨੂੰ ਸੁਧਾਰਨ ਬਾਬਤ ਸੋਚਦੀਆਂ ਹਨ ਪਰ ਔਰਤ ਦੀ ਬੁਲੰਦੀ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਇਹ ਜ਼ਾਲਿਮ ਸਮਾਜ ਆਪਣੀ ਪੱਛੜੀ ਹੋਈ ਸੋਚ ਨਾਲ ਕੁਤਰ ਦਿੰਦਾ ਹੈ ਤੇ ਔਰਤ ਦੇ ਸੁਪਨਿਆਂ ਦੀ ਮੌਤ ਹੋ ਜਾਂਦੀ ਹੈ।ਭਾਵੇਂ ਅਸੀਂ ਅੱਜ ਤਰੱਕੀ ਦੇ ਵੱਡੇ-ਵੱਡੇ ਦਾਅਵੇ ਕਰਦੇ ਨਹੀਂ ਥੱਕਦੇ ਤੇ ਦੁਨੀਆ ਦੇ ਪਿਛਲੇ ਸਭ ਮਨੁੱਖਾਂ ਤੋਂ ਖ਼ੁਦ ਨੂੰ ਅਵੱਲ ਤੇ ਸੱਭਿਅਕ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਹਾਂ ਪਰ ਐਨੀ ਤਰੱਕੀ ਕਰ ਲੈਣ ਦੇ ਬਾਵਜੂਦ ਸਾਡੇ ਸਮਾਜ ਵਿਚ ਅੱਜ ਔਰਤ ਦੀ ਇੱਜ਼ਤ ਤਕ ਮਹਿਫ਼ੂਜ਼ ਨਹੀਂ ਹੈ। ਨਿੱਕੀਆਂ ਬੱਚੀਆਂ ਤੋਂ ਲੈਕੇ ਅੱਧਖੜ ਉਮਰ ਦੀਆਂ ਔਰਤਾਂ ਨਿੱਤ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ।ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਸੀਂ ਇੱਕ ਚੰਗਾ ਅਤੇ ਸੱਭਿਅਕ ਸਮਾਜ ਸਿਰਜਣ ਵਿੱਚ ਅਸਫ਼ਲ ਰਹੇ ਹਾਂ । ਔਰਤਾਂ ਦੀ ਸਥਿਤੀ ਤੇ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ 2011 ਵਿਚ ਇੱਕ ਸਰਵੇਖਣ ਕਰਵ-ਾਇਆ ਗਿਆ ਜਿਸ ਵਿਚ ਭਾਰਤ ਚੌਥੇ ਸਥਾਨ ਉੱਤੇ ਸੀ। ਥਾਮਸਨ ਰਈਟਰਜ਼ ਫ਼ਾਊਂਡੇਸ਼ਨ ਦਾ ਉਕਤ ਸਰਵੇ ਸੰਸਾਰ ਦੇ ਕੁਲ 193 ਦੇਸ਼ਾਂ ਦੀਆਂ ਔਰਤਾਂ ਦੇ ਹਾਲਾਤ 'ਤੇ ਆਧਾਰਤ ਹੈ। ਇਸ ਸਰਵੇ ਵਿਚ ਭਾਰਤ ਨੂੰ ਔਰਤਾਂ ਲਈ ਸਭ ਤੋਂ ਵੱਧ ਗ਼ੈਰ-ਮਹਿਫ਼ੂਜ਼ ਕਰਾਰ ਦਿੰਦਿਆਂ ਪਹਿਲੇ ਸਥਾਨ ਉੱਤੇ ਰੱਖਿਆ ਗਿਆ ਹੈ। ਸਰਵੇਖਣ ਵਿਚ ਇਕੱਲਾ ਜਿਨਸੀ ਸ਼ੋਸ਼ਣ ਜਾਂ ਛੇੜ-ਛਾੜ ਦੇ ਹੀ ਮੁੱਦੇ ਨਹੀਂ ਹਨ ਸਗੋਂ ਇਸ ਦੇ ਨਾਲ-ਨਾਲ ਔਰਤਾਂ ਦੀ ਸਿਹਤ, ਸੱਭਿਆਚਾਰਕ ਰਵਾਇਤਾਂ, ਭੇਦ-ਭਾਵ, ਕੁੱਟਮਾਰ ਤੇ ਮਨੁੱਖੀ ਜਿਸਮ ਦੀ ਸਮਗਲਿੰਗ ਦੇ ਮਾਮਲੇ ਵੀ ਸ਼ਾਮਲ ਕੀਤੇ ਗਏ ਹਨ ਫ਼ਾਊਂਡੇਸ਼ਨ ਨੇ ਅਪਣੀ ਰਿਪੋਰਟ ਵਿਚ ਭਾਰਤ ਦਾ ਜ਼ਿਕਰ ਕਰਦਿਆਂ ਲਿਖਿਆ ਹੈ 'ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਬਾਦੀ ਵਾਲੇ ਦੇਸ਼ ਜਿਥੇ 1.3 ਬਿਲੀਅਨ ਲੋਕ ਰਹਿੰਦੇ ਹਨ, ਉਹ ਤਿੰਨ ਮਾਮਲਿਆਂ ਵਿਚ ਦੁਨੀਆਂ ਦਾ ਸਭ ਤੋਂ ਖ਼ਤਰਨਾਕ ਦੇਸ਼ ਹੈ ਤੇ ਇਹ ਹਨ, ਔਰਤਾਂ ਦੇ ਵਿਰੁਧ ਜਿਨਸੀ ਤਸ਼ੱਦਦ, ਸੱਭਿਆਚਾਰਕ ਤੇ ਰਵਾਇਤੀ ਮਾਮਲੇ ਅਤੇ ਇਨਸਾਨੀ ਸਮਗਲਿੰਗ ਆਦਿ। 2019 'ਚ ਜਦੋਂ ਨੋਬਲ ਪੁਰਸਕਾਰ ਲੈਣ ਵਾਲਿਆਂ ਦੇ ਨਾਂ ਸਾਹਮਣੇ ਆਉਂਦੇ ਹਨ ਤਾਂ ਉਸ ਸੂਚੀ ਨੂੰ ਦੇਖ ਕੇ ਲੱਗਦਾ ਹੈ ਜਿਵੇਂ ਵਰ੍ਹਿਆਂ ਦਾ ਇਹ ਸਫਰ ਸਿਰਫ ਸਮੇਂ ਨੇ ਤੈਅ ਕੀਤਾ ਪਰ ਔਰਤਾਂ ਕਿਤੇ ਪਿੱਛੇ ਹੀ ਛੁੱਟ ਗਈਆਂ। ਸ਼ਾਇਦ ਇਸੇ ਲਈ 2018 'ਚ ਪਿਛਲੇ 55 ਸਾਲਾਂ 'ਚ ਭੌਤਿਕ ਸ਼ਾਸਤਰ ਲਈ ਨੋਬਲ ਪੁਰਸਕਾਰ ਜਿੱਤਣ ਵਾਲੀ ਮਹਿਲਾ ਵਿਗਿਆਨੀ ਡੋਨਾ ਸਟ੍ਰਿਕਲੈਂਡ ਨੇ ਕਿਹਾ ਸੀ, ''ਮੈਨੂੰ ਹੈਰਾਨੀ ਨਹੀਂ ਹੈ ਕਿ ਆਪਣੇ ਵਿਸ਼ੇ 'ਚ ਨੋਬਲ ਜਿੱਤਣ ਵਾਲੀ 1901 ਤੋਂ ਲੈ ਕੇ ਹੁਣ ਤਕ ਮੈਂ ਤੀਜੀ ਔਰਤ ਹਾਂ। ਆਖਿਰ ਅਸੀਂ ਜਿਸ ਦੁਨੀਆ ਵਿਚ ਰਹਿੰਦੀਆਂ ਹਾਂ, ਉਥੇ ਮਰਦ ਹੀ ਮਰਦ ਨਜ਼ਰ ਆਉਂਦੇ ਹਨ।'' ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਕੁ ਉਦਾਹਰਣਾਂ ਨਿੱਤ ਬਣਦੀਆਂ ਹਨ ।

ਬੇਸ਼ਰਤੇ ਅਸੀਂ ਬਹੁਤ ਤਰੱਕੀ ਕਰ ਲਈ ਹੈ, ਚੰਨ ਤੱਕ ਦੀ ਉਡਾਨ ਵੀ ਭਰ ਲਈ, ਉਸ ਵਿੱਚ ਔਰਤਾਂ ਨੇ ਵੀ ਯੋਗਦਾਨ ਪਾਇਆ ਹੈ ਪਰ ਉਹਨਾਂ ਲੱਖਾਂ ਕਰੋੜਾਂ ਔਰਤਾਂ ਦਾ ਕੀ ਜੋ ਲਾਚਾਰ, ਬੇਬਸੀ ਦਾ ਸ਼ਿਕਾਰ ਹੋਈ ਜ਼ਿੰਦਗੀ ਦਾ ਭਾਰ ਮੋਢਿਆਂ ਤੇ ਢੋਹਦੀਂ ਮੁੱਕ ਜਾਂਦੀ ਹੈ। ਹਰ ਇੱਕ ਔਰਤ ਸਨਮਾਨ ਦੀ ਹੱਕਦਾਰ ਹੈ, ਹਰ ਇੱਕ ਧੀ ਨੂੰ ਹੱਕ ਹੈ ਕਿ ਉਹ ਪੜ੍ਹ ਸਕੇ, ਹਰ ਧੀ ਨੂੰ ਹੱਸਣ ਦੀ ਖੁੱਲ੍ਹ ਹੈ,ਆਪਣੀ ਜ਼ਿੰਦਗੀ ਦੇ ਫ਼ੈਸਲੇ ਖ਼ੁਦ ਕਰਨ ਦਾ ਅਧਿਕਾਰ ਹੈ, ਇਸ ਸਮਾਜ ਕੋਲ ਕੋਈ ਹੱਕ ਨਹੀਂ ਕਿ ਆਪਣੇ ਸੁਪਨਿਆਂ ਦੀਆਂ ਪੈੜਾਂ ਨੱਪਦੀਆਂ ਧੀਆਂ ਦੇ ਖੰਭ ਕੱਟਣ ਲਈ ਉਹਨਾਂ ਨੂੰ ਚਰਿੱਤਰ ਸਰਟੀਫਿਕੇਟ ਫੜਾਵੇ ।ਸਮਾਜ ਦੇ ਹਰੇਕ ਨਾਗਰਿਕ ਨੂੰ ਔਰਤ ਦਾ ਸਨਮਾਨ ਕਰਨਾ ਚਾਹੀਦਾ ਹੈ, ਜਿਸ ਦੇਸ਼ ਵਿਚ ਔਰਤ ਮਹਿਫ਼ੂਜ਼ ਨਹੀਂ ਉਹ ਦੇਸ਼ ਇੱਕ ਚੰਗਾ ਦੇਸ਼ ਤੇ ਸੱਭਿਅਕ ਦੇਸ਼ ਕਹਿਲਾਉਂਣ ਦਾ ਹੱਕਦਾਰ ਨਹੀਂ। ਉੱਠੋ ਤੇ ਗੁਰੂ ਨਾਨਕ ਸਾਹਿਬ ਦੇ ਧੀਆਂ ਦੇ ਹੱਕ ਵਿੱਚ ਮਾਰੇ ਨਾਅਰੇ ਨੂੰ ਬਲੁੰਦ ਕਰੀਏ। ਤਾਂ ਹੀ ਅਸੀਂ ਇੱਕ ਚੰਗਾ ਸਮਾਜ ਸਿਰਜ ਸਕਦੇ ਹਾਂ, ਮਾਵਾਂ ਬਚਪਨ ਤੋਂ ਆਪਣੇ ਬੇਟਿਆਂ ਨੂੰ ਔਰਤਾਂ ਦੀ ਇੱਜ਼ਤ ਕਰਨਾ ਸਿਖਾਉਣ ਤਾਂ ਜੋ ਜਨਤਕ ਥਾਂ ਤੇ ਖਲੋਤੀ ਧੀ ਅਸੁੱਰਿਖਤ ਮਹਿਸੂਸ ਨਾ ਕਰੇ। ਸਰਕਾਰਾਂ ਔਰਤ ਦੀ ਨਿਰਾਦਰੀ ਕਰਨ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਵੇ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਦੀ ਸ਼ਿਕਾਰ ਹੋ ਚੁੱਕੀਂ ਧੀ ਨੂੰ ਇਨਸਾਫ਼ ਲਈ ਕਚਿਹਰੀਆਂ ਦੇ ਚੱਕਰ ਨਾ ਕੱਟਣੇ ਪੈਣ।

## ਯੂਕਰੇਨ ਤੋਂ ਪਰਤੀ ਧੀ ਨੂੰ ਵੇਖ ਮਾਪਿਆਂ ਦਾ ਸਾਰਾ ਦੁੱਖ ਖੁਸ਼ੀ ਦੇ ਹੰਝੂਆਂ ਚ ਵਹਿ ਗਿਆ ਰੀਟਾ ਨੂੰ ਵੇਖ ਮਾਪਿਆਂ ਚ ਖੁਸ਼ੀ,



ਬਲਾਚੌਰ, 7 ਮਾਰਚ (ਉਮੇਸ਼ ਜੋਸ਼ੀ)- ਯੂਕਰੇਨ ਦੇ ਟਰਨੋਪਿਲ ਸ਼ਹਿਰ ਵਿਚ ਆਪਣੇ ਸੁਨਹਿਰੀ ਭਵਿੱਖ ਲਈ ਐੱਮਬੀਬੀਐੱਸ ਦੀ ਪੜ੍ਹਾਈ ਕਰ ਰਹੀ ਸਥਾਨਕ ਸ਼ਹਿਰ ਬਲਾਚੌਰ ਦੇ ਵਾਰਡ ਨੰਬਰ 11 ਦੀ ਵਸਨੀਕ ਰੀਟਾ ਰਾਣਾ ਆਪਣੇ ਪਰਿਵਾਰਕ ਮੈਂਬਰਾਂ ਅਰਦਾਸਾ ਤੇ ਦੁਆਵਾਂ ਸੱਦਕੇ ਤੰਦਰੁਸਤ ਆਪਣੇ ਘਰ ਪਹੁੰਚ ਗਈ ਹੈ । ਯੂਕਰੇਨ ਵਿਖੇ ਪੜ੍ਹਾਈ ਕਰਦੀ ਰੀਟਾ ਰਾਣਾ ਦਾ ਇਹ ਦੂਸਰਾ ਸਾਲ ਸੀ ਕੇ ਰੂਸ ਵੱਲੋਂ ਯੂਕਰੇਨ ਉਪਰ ਹਮਲਾ ਕਰ ਦਿੱਤਾ ਜਿਥੇ ਕਿ ਪੂਰੀ ਤਰ੍ਹਾਂ ਨਾਲ ਬੰਬਾਰੀ ਹੋ ਰਹੀ ਹੈ ਅਤੇ ਉਥੇ ਭਾਰਤੀ ਵਿਦਿਆਰਥੀ ਬਹੁਤ ਹੀ ਜ਼ਿਆਦਾ ਭੈਅ ਭੀਤ ਹਨ ਜੋ ਬਚਾਅ ਲਈ ਬੰਕਰਾਂ ਦੇ ਬੇਸਮੈਂਟਾਂ ਚ ਲੁਕ ਕੇ ਜਾਨ ਬਚਾ ਰਹੇ ਹਨ । ਰੀਟਾ ਰਾਣੀ ਦੀ ਤੰਦ ਰੋਸੇ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਪਰਿਵਾਰ ਉੱਪਰ ਡਿੱਗਿਆ ਦੁੱਖਾਂ ਦਾ ਪਹਾੜ ਆਪਣੀ ਬੱਚੀ ਨੂੰ ਵੇਖ ਆਪ ਮੁਹਾਰੇ ਹੀ ਖੁਸ਼ੀ ਦੇ ਹੰਝੂਆਂ ਵਿੱਚ ਵਹਿ ਗਿਆ ।

ਇਸ ਸੰਬੰਧੀ ਰੀਟਾ ਰਾਣੀ ਪੁੱਤਰੀ ਰਣਵਿਜੈ ਸਿੰਘ ਰਾਣਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਐੱਮਬੀਬੀਐੱਸ ਦੀ ਪੜ੍ਹਾਈ ਕਰਨ ਲਈ ਟਰਨੋਪਿਲ ਯੂਕਰੇਨ ਗਈ ਸੀ ਅਤੇ ਉਸ ਦਾ ਇਹ ਦੂਜਾ ਸਾਲ ਸੀ । ਰੂਸ ਵੱਲੋਂ ਯੂਕਰੇਨ ਉਪਰ ਹਮਲਾ ਕਰਨ ਉਪਰੰਤ ਉੱਥੋਂ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ । ਹਰ ਪਾਸੇ ਹੋ ਰਹੀ ਬੰਬਾਰੀ ਨਾਲ ਹਾਹਾਕਾਰ ਮੱਚ ਗਈ । ਉੱਥੇ ਲੜਾਈ ਲੱਗਣ ਕਾਰਨ ਉਸ ਦੇ ਪਿਤਾ ਨੇ ਉਸ ਦੀ ਘਰ ਵਾਪਸੀ ਲਈ ਟਿਕਟ ਵੀ ਭੇਜੀ ਸੀ ਜਿਹੜੀ ਕਿਸੇ ਕਾਰਨਾਂ ਕੈਂਸਲ ਹੋ ਗਈ । ਦੁਪਹਿਰ ਉਹ ਸਹੀ-ਸਲਾਮਤ ਬਲਾਚੌਰ ਸਥਿਤ ਆਪਣੇ ਘਰ ਪਹੁੰਚ ਗਈ ਹੈ। ਰੀਟਾ ਰਾਣਾ ਨੇ ਦੱਸਿਆ ਕਿ ਲੜਾਈ ਦੇ ਮਾਹੌਲ ਕਾਰਨ ਵਿਦੇਸ਼ ਵਿੱਚ ਕੁਝ ਤਣਾਅ ਵਿਚ ਸਨ ਮਗਰ ਹੁਣ ਉਹ ਆਪਣੇ ਮਾਪਿਆਂ ਕੋਲ ਪੁੱਜ ਚੁੱਕੇ ਹਨ ਅਤੇ ਖੁਸ਼ੀ ਮਹਿਸੂਸ ਕਰ ਰਹੇ ਹਨ । ਉਸ ਨੇ ਦੱਸਿਆ ਕਿ ਉਸ ਦੇ ਮਾਪੇ ਵੀ 15 ਦਿਨਾਂ ਤੋਂ ਚਿੰਤਤ ਆ ਰਹੇ ਸਨ ਅਤੇ ਮੇਰੀ ਘਰ ਵਾਪਸੀ ਤੇ ਉਨ੍ਹਾਂ ਵਿੱਚ ਵੀ ਅੱਜ ਖੁਸ਼ੀ ਵੇਖੀ ਜਾ ਰਹੀ ਹੈ । ਰੀਟਾ ਰਾਣਾ ਨੇ ਦੱਸਿਆ ਕਿ ਯੂਕਰੇਨ ਵਿੱਚ ਫਸੇ ਹੋਏ ਬੱਚੇ ਲਗਾਤਾਰ ਭਾਰਤ ਸਰਕਾਰ ਨਾਲ ਸੰਪਰਕ ਬਣਾ ਕੇ ਇੱਧਰ ਆ ਰਹੇ ਹਨ ਅਤੇ ਭਾਰਤ ਸਰਕਾਰ ਵੱਲੋਂ ਵੀ ਲਗਾਤਾਰ ਲੜਾਈ ਵਿਚ ਫਸੇ ਬੱਚਿਆਂ ਨੂੰ ਸੁਰੱਖਿਅਤ ਲਿਆਣ ਦੀਆਂ ਕੋਸ਼ਿਸ਼ਾਂ ਜਾਰੀ ਹਨ । ਉਨ੍ਹਾਂ ਇਸ ਗੱਲ ਉਪਰ ਬੜਾ ਮਾਣ ਮਹਿਸੂਸ ਕਰਦਿਆਂ ਆਖਿਆ ਕਿ ਭਾਰਤ ਦੇ ਤਿਰੰਗੇ ਝੰਡੇ ਦੀ ਤਾਕਤ ਦਾ ਵਿਦੇਸ਼ੀ ਧਰਤੀ ਤੇ ਵੀ ਪੂਰਾ ਸਤਿਕਾਰ ਹੈ । ਭਾਰਤੀ ਲੋਕਾਂ ਦੇ ਹੱਥਾਂ ਵਿੱਚ ਫੜੇ ਤਿਰੰਗੇ ਝੰਡੇ ਨੂੰ ਵੇਖ ਰੂਸ ਅਤੇ ਯੂਕਰੇਨ ਦੀਆਂ ਫੌਜਾਂ ਨੇ ਸਰਹੱਦ ਪਾਰ ਕਰਨ ਤੋਂ ਕਿਸੇ ਨੂੰ ਵੀ ਨਹੀਂ ਰੋਕਿਆ ।

ਉਸ ਨੇ ਅੱਗੇ ਦੱਸਿਆ ਕਿ ਮੈ ਪਹਿਲਾਂ 2 ਦਿਨ ਪੋਲੈਂਡ ਦੀ ਸਰਹੱਦ 0ਤੇ ਰਹੀ ਸੀ। ਜਿੱਥੋਂ ਕੇ ਭਾਰਤੀ ਦੂਤਾਵਾਸ ਨੇ ਸਾਨੂੰ ਰਾਹਤ ਕੈਂਪ ਵਿੱਚ ਭੇਜ ਦਿੱਤਾ । ਤੀਜੇ ਦਿਨ ਸਾਨੂੰ ਸਰਹੱਦ ਤੋਂ ਪਾਰ ਪਹੁੰਚਾਇਆ ਗਿਆ । ਉਨ੍ਹਾਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਹਿਲ ਕਦਮੀ ਸਦਕਾ ਯੂਕਰੇਨ ਤੋਂ ਬੱਚੇ ਸੁਰੱਖਿਅਤ ਭਾਰਤ ਪਹੁੰਚ ਰਹੇ ਹਨ ਜਿਸ ਲਈ ਨਰਿੰਦਰ ਮੋਦੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੀ।

ਰੀਟਾ ਰਾਣੀ ਦੇ ਪਿਤਾ ਰਣਵਿਜੇ ਸਿੰਘ ਨੇ ਆਖਿਆ ਕਿ ਸਾਡਾ ਪੂਰਾ ਪਰਿਵਾਰ ਖੁਸ਼ ਹੈ ਕਿ ਸਾਡੀ ਲੜਕੀ ਸੁਰੱਖਿਅਤ ਘਰ ਵਾਪਸ ਆ ਗਈ ਹੈ।ਅਸੀਂ ਅਰਦਾਸ ਕਰਦੇ ਹਾਂ ਕਿ ਸਾਰਿਆਂ ਦੇ ਬੱਚੇ ਤੰਦਰੁਸਤ ਰਹਿਣ ਅਤੇ ਜਲਦੀ ਹੀ ਇਹ ਜੰਗ ਖ਼ਤਮ ਹੋਵੇ।

# ਪੰਜਾਬ ਉਤੇ ਸਾਰਿਆਂ ਦੀ ਨਜ਼ਰ, ਯੂ ਪੀ ਸਭ ਲਈ 'ਹਾਟ ਕੇਕ'

ਅੰਮ੍ਰਿਤਸਰ, 7 ਮਾਰਚ (ਪੋਸਟ ਬਿਊਰੋ)- ਪੰਜਾਬ, ਉਤਰ ਪ੍ਰਦੇਸ਼, ਗੋਆ, ਮਣੀਪੁਰ ਵਿੱਚ ਵਿਧਾਨਸਭਾ ਚੋਣਾਂ ਦੇ ਨਤੀਜੇ 10 ਮਾਰਚ ਨੂੰ ਐਲਾਨ ਕੀਤੇ ਜਾਣਗੇ। ਹਰ ਰਾਜ ਦੀ ਆਪਣੀ ਰਾਜਨੀਤੀ ਹੈ ਤੇ ਸਾਰੇ ਰਾਜਾਂ ਵਿੱਚ ਵੱਖ-ਵੱਖ ਰਾਜਨੀਤਿਕ ਸਮੀਕਰਣ ਹਨ, ਪਰ ਇਸ ਦੇ ਬਾਵਜੂਦ ਉਤਰ ਪ੍ਰਦੇਸ਼ ਵਿੱਚ ਚੋਣ ਨਤੀਜੇ ਉੱਤੇ ਸਭ ਦੀ ਨਜ਼ਰ ਹੈ।



ਉਤਰ ਪ੍ਰਦੇਸ਼ ਇਸ ਦੇਸ਼ ਦਾ ਸਭ ਤੋਂ ਵੱਡਾ ਰਾਜ ਹੈ ਅਤੇ ਉਥੇ ਦੀ ਸਿਆਸਤ ਉੱਤੇ ਕੇਂਦਰ ਦੀ ਸਰਕਾਰ ਤਹਿ ਹੁੰਦੀ ਹੈ, ਇਸ ਲਈ ਅੱਜਕੱਲ੍ਹ ਚੋਣ ਮਾਹੌਲ ਵਿੱਚ ਯੂ ਪੀ ਦੀ ਚੋਣ 'ਹਾਟ ਕੇਕ' ਬਣੀ ਹੋਈ ਹੈ।ਪੰਜਾਬ ਵਿੱਚ ਕਿਸ ਦੀ ਸਰਕਾਰ ਬਣੇਗੀ, ਇਹ ਅਜੇ ਤਕ ਸਾਫ਼ ਨਹੀਂ ਹੋਇਆ, ਪਰ ਪੰਜਾਬ ਦੇ ਨਾਲ ਲੋਕਾਂ ਦਾ ਧਿਆਨ ਉਤਰ ਪ੍ਰਦੇਸ਼ ਉੱਤੇ ਵੀ ਹੈ। ਉਤਰ ਪ੍ਰਦੇਸ਼ ਵਿੱਚ ਹਾਲੇ ਭਾਜਪਾ ਦੀ ਸਰਕਾਰ ਹੈ। 2017 ਦੀਆਂ ਵਿਧਾਨਸਭਾ ਚੋਣਾਂ ਵਿੱਚ ਓਥੇ ਭਾਜਪਾ ਨੇ 403 ਵਿੱਚੋਂ 312 ਸੀਟਾਂ ਜਿੱਤੀਆਂ ਸਨ।ਇਸ ਵਾਰ ਉਤਰ ਪ੍ਰਦੇਸ਼ ਦਾ ਮਾਹੌਲ ਬਦਲਿਆ ਜਿਹਾ ਹੈ। ਜਿਵੇਂ 2017 ਵਿੱਚਭਾਜਪਾ ਦੀ ਸਾਫ ਲਹਿਰ ਨਜ਼ਰ ਦਿੱਸਦੀ ਸੀ, ਇਸ ਵਾਰ ਨਜ਼ਾਰਾ ਅਲੱਗ ਹੈ। ਭਾਜਪਾ ਦੀਆਂ ਰੈਲੀਆਂ ਵਿੱਚ ਭੀੜ ਸੀ, ਪਰ ਇਸ ਦੇ ਨਾਲ ਸਮਾਜਵਾਦੀ ਪਾਰਟੀ ਦੀਆਂ ਰੈਲੀਆਂ ਵਿੱਚ ਵੀ ਭੀੜ ਘੱਟ ਨਹੀਂ ਸੀ। ਇਸ ਕਾਰਨ ਇਸ ਵਾਰ ਦੋਨਾਂ ਪਾਰਟੀਆਂ ਦਾ ਪੂਰਾ ਜ਼ੋਰ ਲੱਗਾ ਰਿਹਾ ਹੈ, ਜਿਸ ਕਾਰਨ ਉਤਰ ਪ੍ਰਦੇਸ਼ ਦੇ ਚੋਣ ਨਤੀਜੇ ਇਸ ਵਾਰ ਸਭ ਦੀ ਨਜ਼ਰਾਂ ਵਿੱਚ ਹਨ।

## ਔਰਤ ਤੋਂ ਅਣਜਾਣੇ ਵਿੱਚ ਗੁਟਕਾ ਸਾਹਿਬ ਦੇ ਅੰਗ ਅਗਨ ਭੇਟ

ਮੋਗਾ, 7 ਮਾਰਚ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਕੋਟ ਸਦਰ ਖਾਂ ਵਿੱਚ ਗੁਟਕਾ ਸਾਹਿਬ ਦੇ ਅੰਗ ਅਗਨ ਭੇਟ ਮਿਲਣ ਉੱਤੇ ਮਾਹੌਲ ਤਣਾਅ ਬਣ ਗਿਆ, ਪਰ ਬਿਰਧ ਔਰਤ ਤੋਂ ਅਣਜਾਣੇ ਵਿੱਚ ਹੋਈ ਗਲਤੀ ਪਤਾ ਲੱਗੀ ਤਾਂ ਮਾਹੌਲ ਸ਼ਾਂਤ ਹੋ ਗਿਆ।ਇਸ ਬਾਰੇ ਡੀ ਐਸ ਪੀ ਧਰਮਕੋਟ ਨੇ ਸਿੱਖ ਜਥੇਬੰਦੀ ਆਗੂਆਂ ਨਾਲ ਮਿਲ ਕੇ ਸਾਰੀ ਜਾਂਚ ਕੀਤੀ, ਜਿਸ ਦੌਰਾਨ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਲਖਵੀਰ ਸਿੰਘ ਦੇ ਨਾਲ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਪ੍ਰਧਾਨ ਹਰਜਿੰਦਰ ਸਿੰਘ ਬਾਜੇਕੇ ਮੌਜੂਦ ਸਨ।

ਡੀ ਐਸ ਪੀ ਸ਼ਾਹਕੋਟ ਨੇ ਦੱਸਿਆ ਕਿ ਘਟਨਾ ਸਥਾਨ ਨੇੜੇ ਰਹਿੰਦੀ ਬਿਰਧ ਮਾਈ ਸੁਖਚੈਨ ਕੌਰ ਵੱਲੋਂ ਅਣਜਾਣੇ ਵਿੱਚ ਪੁਰਾਣੇ ਕੱਪੜਿਆਂ ਨਾਲ ਗੁਟਕਾ ਸਾਹਿਬ ਦੇ ਕੁਝ ਅੰਗ ਅਗਨ ਭੇਟ ਹੋ ਗਏ। ਉਸ ਦਾ ਪਤੀ ਸੁਰਜਨ ਸਿੰਘ ਗ੍ਰੰਥੀ ਸੀ, ਜਿਸ ਦੀ ਕਰੀਬ 15 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਘਰ ਵਿੱਚ ਕੁਝ ਹੋਰ ਵੀ ਪੁਰਾਣੇ ਗੁਟਕਾ ਸਾਹਿਬ ਤੇ ਧਾਰਮਿਕ ਪੁਸਤਕਾਂ ਸਨ, ਜੋ ਪਿੰਡ ਦੇ ਗੁਰਦੁਆਰੇ ਪੁਚਾ ਦਿੱਤੀਆਂ ਹਨ। ਬਿਰਧ ਤੋਂ ਅਣਜਾਣੇ ਵਿੱਚ ਗਲਤੀ ਲਈ ਪਰਵਾਰ ਵੱਲੋਂ ਮੁਆਫੀ ਮੰਗਣ ਅਤੇ ਅਕਾਲ ਤਖਤ ਸਾਹਿਬ ਵਿਖੇ ਭੁੱਲ ਬਖਸ਼ਾਉਣ ਦੀ ਸਹਿਮਤੀ ਨਾਲ ਮਾਹੌਲ ਸ਼ਾਂਤ ਹੋ ਗਿਆ।

## ਪੰਜਾਬ ਦੇ ਦਵਿੰਦਰ ਬਾਜਵਾ ਨੇ ਮਾਊਂਟ ਐਵਰੈਸਟ ਨੂੰ ਸਰ ਕਰ ਲਿਆ

ਨੂਰਪੁਰ ਬੇਦੀ, 7 ਮਾਰਚ (ਪੋਸਟ ਬਿਊਰੋ)- ਪਿੰਡ ਸਰਾਏ ਦੇ ਨੌਜਵਾਨ ਦਵਿੰਦਰ ਸਿੰਘ ਬਾਜਵਾ ਨੇ ਦੁਨੀਆਂ ਦੀ ਸਭ ਤੋਂ ਉਚੀ ਮਾਊਂਟ ਐਵਰੈਸਟ ਚੋਟੀ ਨੂੰ ਸਰ ਕਰ ਕੇ ਵੱਡਾ ਕਾਰਨਾਮਾ ਕਰ ਦਿਖਾਇਆ ਹੈ।



ਮਾਊਂਟ ਐਵਰੈਸਟ ਬੇਸ ਕੈਂਪ ਤੋਂ ਵਾਪਸ ਪਿੰਡ ਸਰਾਏ ਵਿਖੇ ਪਹੁੰਚੇ ਦਵਿੰਦਰ ਸਿੰਘਨੇ ਦੱਸਿਆ ਕਿ ਉਹ ਸ੍ਰੀ ਆਨੰਦਪੁਰ ਸਾਹਿਬ ਤੋਂ ਰੇਲਗੱਡੀ ਰਾਹੀਂ ਨੇਪਾਲ ਬਾਰਡਰ ਉੱਤੇਗਿਆ। ਓਥੋਂ ਉਸ ਨੇ ਪੈਦਲ ਸਫ਼ਰ ਸ਼ੁਰੂ ਕੀਤਾ ਤੇ ਸੱਤ ਦਿਨਾਂ ਵਿੱਚ ਦੁਨੀਆ ਦੀ ਸਭ ਤੋਂ ਉਚੀ ਚੋਟੀ ਨੂੰ ਸਰ ਕਰ ਲਿਆ। ਉਸ ਨੇ ਦੱਸਿਆ ਕਿ ਉਸ ਨੇ ਬਿਨਾਂ ਕਿਸੇ ਗਾਈਡ ਤੋਂ ਇਕੱਲੇ ਹੀ ਇਹ ਸਫ਼ਰ ਤੈਅ ਕੀਤਾ ਹੈ। ਉਸ ਨੇ ਦੱਸਿਆ ਕਿ ਜਾਣ ਲਈ ਦੋ ਪਰਮਿਟ ਲੈਣੇ ਪਏ। ਮਾਊਂਟ ਐਵਰੈਸਟ ਦੀ ਉਚਾਈ 5623 ਮੀਟਰ ਹੈ ਤੇ ਉਥੇ ਆਕਸੀਜਨ ਲੈਵਲ ਕਾਫ਼ੀ ਘੱਟ ਹੈ, ਇਸ ਦੇ ਬਾਵਜੂਦ ਵੀ ਉਸ ਨੂੰ ਖਾਸ ਮੁਸ਼ਕਲ ਨਹੀਂ ਆਈ। ਉਸ ਨੇ ਕਿਹਾ ਕਿ ਇਸ ਸਫ਼ਰ ਦੌਰਾਨ ਉਸ ਨੇ ਆਪਣਾ ਖਾਣਾ ਪੀਣਾ ਤੇ ਲੋੜੀਂਦੀਆਂ ਵਸਤਾਂ ਆਪਣੇ ਨਾਲ ਹੀ ਚੁੱਕੀਆਂ ਹੋਈਆਂ ਸਨ, ਕਿਉਂਕਿ ਮਾਊਂਟ ਐਵਰੈਸਟ ਬੇਸ ਕੈਂਪ ਤੇ ਖਾਣ ਪੀਣ ਦਾ ਸਾਮਾਨ ਕਾਫ਼ੀ ਮਹਿੰਗਾ ਪੈਂਦਾ ਹੈ।

ਆਪਣੀਆਂ ਪ੍ਰਾਪਤੀਆਂ ਬਾਰੇ ਦਵਿੰਦਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਹ ਲੇਹ ਲੱਦਾਖ਼, ਕਸ਼ਮੀਰ ਤੇ ਸਿਆਚਿਨ ਬੇਸ ਕੈਂਪ, ਪੇਗੋਂਗ ਲੇਕ, ਖਾਰਦੂੰਗਲਾ, ਜਿਹੜੀ ਦੁਨੀਆ ਦੀ ਸਭ ਤੋਂ ਉਚੀ ਸੜਕ ਹੈ, ਤਕ ਸਫ਼ਰ ਕਰ ਚੁੱਕਾ ਹੈ।

## ਕਿਸਾਨ ਅੰਦੋਲਨ ਦੌਰਾਨਮਿਲੇ ਚੰਦੇਕਾਰਨ ਚੜੂੰਨੀ ਧੜੇ ਵਿੱਚ ਫੁੱਟ

ਚੰਡੀਗੜ੍ਹ, 7 ਮਾਰਚ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਦੇ ਬਾਅਦ ਸੰਯੁਕਤ ਸੰਘਰਸ਼ ਪਾਰਟੀ ਬਣਾ ਕੇ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲੜਨ ਵਾਲੇ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਗੁਰਨਾਮ ਸਿੰਘ ਚੜੂੰਨੀ ਚੰਦੇ ਦੀ ਰਕਮ ਦੇ ਵਿਵਾਦਾਂ ਵਿੱਚ ਘਿਰ ਗਏ ਹਨ।

ਪਤਾ ਲੱਗਾ ਹੈ ਕਿ ਖੇਤੀ ਕਾਨੂੰਨਾਂ ਖਿਲਾਫ 378 ਦਿਨ ਚੱਲੇ ਅੰਦੋਲਨ ਦੌਰਾਨ ਕਿਸਾਨ ਸੰਗਠਨਾਂ ਨੂੰ ਚੰਦਾ ਮਿਲਿਆ ਤਾਂ ਖਰਚਾ ਵੀ ਖੂਬ ਹੋਇਆ ਸੀ, ਪਰ ਚੰਦੇ ਦਾ ਹਿਸਾਬ ਦੇਣ ਨੂੰ ਕੋਈ ਤਿਆਰ ਨਹੀਂ। ਇਸ ਤੋਂ ਚੜੂੰਨੀ ਦੇ ਸਮਰਥਕ ਹੀ ਇੱਕ-ਦੂਸਰੇ ਉੱਤੇ ਸ਼ੱਕ ਕਰਨ ਲੱਗ ਪਏ ਹਨ। ਗੁਰਨਾਮ ਸਿੰਘ ਚੜੂੰਨੀ ਨੇ ਇੰਟਰਨੈਟ ਮੀਡੀਆ ਉੱਤੇ ਇੱਕ ਪੋਸਟ ਕਰ ਕੇ ਸਾਰੀਆਂ ਕਮੇਟੀਆਂ ਨੂੰ ਕਿਸਾਨ ਅੰਦੋਲਨ ਦੌਰਾਨ ਮਿਲੇ ਚੰਦੇ ਤੇ ਖਰਚ ਦਾ ਹਿਸਾਬ ਦੇਣ ਨੂੰ ਕਿਹਾ ਹੈ। ਚੜੂੰਨੀਪਿੱਛੋਂ ਹਰਿਆਣਾ ਦੇ ਕੁਰੂਕਸ਼ੇਤਰ ਦੋਂ ਹਨ। ਉਨ੍ਹਾਂ ਦੀ ਪਤਨੀ ਨੇ 2014 ਵਿੱਚ ਆਮ ਆਦਮੀ ਪਾਰਟੀ ਦੀ ਟਿਕਟ ਉੱਤੇ ਲੋਕ ਸਭਾ ਚੋਣ ਵੀ ਲੜੀ ਸੀ। ਚੜੂੰਨੀ ਨੇ 18 ਦਸੰਬਰ 2021 ਨੂੰ ਸੰਯੁਕਤ ਸੰਘਰਸ਼ ਪਾਰਟੀ ਬਣਾ ਕੇ ਚੋਣ ਜੰਗ ਸ਼ੁਰੂ ਕੀਤੀ ਤੇ ਪੰਜਾਬ ਵਿੱਚ 10 ਸੀਟਾਂ ਉੱਤੇ ਚੋਣ ਲੜੀ ਸੀ। ਉਸ ਦੇ ਮਿਸ਼ਨ ਪੰਜਾਬ ਤੋਂ ਉਨ੍ਹਾਂ ਦੀ ਯੂਨੀਅਨ ਦੇ ਕਾਫੀ ਲੋਕ ਨਾਰਾਜ਼ ਸਨ। ਕਰਨਾਲ ਦੇ ਜਾਟ ਭਵਨ ਵਿੱਚ ਉਨ੍ਹਾਂ ਨੇ ਯੂਨੀਅਨ ਛੱਡਣ ਦਾ ਐਲਾਨ ਵੀ ਕਰ ਦਿੱਤਾ ਸੀ।ਉਨ੍ਹਾਂ ਕਿਹਾ ਕਿ ਆਗੂ ਇੱਕ-ਦੂਸਰੇ ਦੇ ਵਿਰੁੱਧ ਲਿਖਣ ਦੀਬਾਂ ਹਿਸਾਬ ਦੇਣ। ਜ਼ਿਲ੍ਹਾ ਯੂਨਿਟਾਂ ਦਾ ਫਰਜ਼ ਹੈ ਕਿ ਉਹ ਆਪਣਾ ਹਿਸਾਬਾ ਦੇਣ ਸ਼ੁਰੂ ਕਰਨ। ਜੋ ਹਿਸਾਬ ਨਹੀਂ ਦੇਵੇਗਾ, ਉਹ ਸ਼ੱਕ ਦੇ ਦਾਇਰੇ ਵਿੱਚ ਆਵੇਗਾ। ਉਨ੍ਹਾ ਲਿਖਿਆ ਕਿ ਹਿਸਾਬ ਪਿਓ-ਪੁੱਤ ਦਾ ਵੀ ਹੁੰਦਾ ਹੈ। ਇੱਕ ਯੂਜਰ ਨੇ ਚੜੂੰਨੀ ਨੂੰ ਕਿਹਾ ਕਿ ਸ਼ੁਰੂਆਤ ਵੱਡਿਆਂ ਤੋਂ ਹੋਣੀ ਚਾਹੀਦੀ ਹੈ, ਪਹਿਲਾਂ ਤੁਸੀਂ ਸਾਰੇ ਅੰਦੋਲਨ ਦਾ ਹਿਸਾਬ ਦਿਓ। ਦਿੱਲੀ ਅੰਦੋਲਨ ਵਿੱਚ ਅਰਬਾਂ ਰੁਪਏ ਦਾ ਚੰਦਾ ਪਹੁੰਚਿਆ ਹੈ। ਭਾਰਤੀ ਕਿਸਾਨ ਯੂਨੀਅਨ (ਚੜੂੰਨੀ) ਦੇ ਮੀਡੀਆ ਇੰਚਾਰਜ ਰਾਕੇਸ਼ ਬੈਂਸ ਨੇ ਕਿਹਾ ਕਿ ਇਹ ਯੂਨੀਅਨ ਦਾ ਅੰਦਰੂਨੀ ਮਾਮਲਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਕਮਾਲਪੁਰ ਸਕੂਲ ਵਿਖੇ ਅੰਗਰੇਜ਼ੀ ਤੇ ਸਮਾਜਿਕ ਵਿਗਿਆਨ ਮੇਲੇ ਦਾ ਆਯੋਜਨ

*ਵਿਦਿਆਰਥੀਆਂ ਨੇ ਤਿਆਰ ਕੀਤੇ ਵੱਖ-ਵੱਖ ਪ੍ਰਕਾਰ ਦੇ ਮਾਡਲ ਤੇ ਚਾਰਟ





ਸਰਕਾਰੀ ਹਾਈ ਸਕੂਲ ਕਮਾਲਪੁਰ ਵਿਖੇ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਮੇਲੇ ਦੌਰਾਨ ਵਿਦਿਆਰਥੀਆਂ ਦੀਆਂ ਕਿਰਿਆਵਾਂ ਦੇਖਦੇ ਹੋਏ ਹੈੱਡ ਮਾਸਟਰ ਡਾ. ਪਰਮਿੰਦਰ ਸਿੰਘ ਅਤੇ ਅਧਿਆਪਕ।

ਦਿੜ੍ਹਬਾ ਮੰਡੀ, 7 ਮਾਰਚ (ਪੋਸਟ ਬਿਊਰੋ)- ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਅਤੇ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਹਾਈ ਸਕੂਲ ਕਮਾਲਪੁਰ ਵਿਖੇ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਮੇਲੇ ਦਾ ਆਯੋਜਨ ਕੀਤਾ ਗਿਆ ਅਤੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਚਾਰਟਾਂ ਤੇ ਵਰਕਿੰਗ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ। ਵਿਦਿਆਰਥੀਆਂ ਨੇ ਅਧਿਆਪਕਾ ਨੀਤੂ ਸ਼ਰਮਾ, ਜਸਪ੍ਰੀਤ ਕੌਰ, ਹਰਦੀਪ ਕੌਰ, ਮੰਗਲ ਸਿੰਘ ਅਤੇ ਹੇਮੰਤ ਸਿੰਘ ਦੀ ਅਗਵਾਈ ਵਿੱਚ ਕਵਿਤਾ, ਵਿਆਕਰਣ, ਸੰਸਦੀ ਪ੍ਰਣਾਲੀ, ਪ੍ਰਦੂਸ਼ਣ, ਵਾਯੂਦਾਬ ਅਤੇ ਸੌਰ ਮੰਡਲ ਆਦਿ ਦੀਆਂ ਵੱਖ-ਵੱਖ ਕਿਰਿਆਵਾਂ ਵਿੱਚ ਭਾਗ ਲਿਆ। ਹੈੱਡ ਮਾਸਟਰ ਡਾ. ਪਰਮਿੰਦਰ ਸਿੰਘ ਦੇਹੜ ਨੇ ਇਸ ਮੇਲੇ ਵਿੱਚ ਵਿਦਿਆਰਥੀਆਂ ਵੱਲੋਂ ਬਣਾਏ ਗਏ ਮਾਡਲਾਂ, ਚਾਰਟਾਂ ਅਤੇ ਹੋਰ ਗਤੀਵਿਧੀਆਂ ਦੀ ਪ੍ਰਸੰਸ਼ਾ ਕਰਦਿਆਂ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਖੇਡ ਵਿਧੀ ਰਾਹੀਂ ਸਿੱਖਿਆ ਦੇਣ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਹੀ ਵਿਦਿਆਰਥੀਆਂ ਲਈ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਦੇ ਮੇਲੇ ਦਾ ਆਯੋਜਨ ਕੀਤਾ ਗਿਆ ਹੈ। ਇਸ ਮੌਕੇ ਅਧਿਆਪਕਾ ਯਾਦਵਿੰਦਰ ਕੌਰ, ਜਸਪ੍ਰੀਤ ਕੌਰ, ਹਰਦੀਪ ਕੌਰ, ਨੀਤੂ ਸ਼ਰਮਾ, ਹਰਪ੍ਰੀਤ ਕੌਰ, ਕੰਚਨਪ੍ਰੀਤ ਕੌਰ, ਸੁਖਵੀਰ ਕੌਰ, ਹੇਮੰਤ ਸਿੰਘ, ਲਖਵੀਰ ਸਿੰਘ, ਮੰਗਤ ਸਿੰਘ, ਮੰਗਲ ਸਿੰਘ, ਸਤਨਾਮ ਸਿੰਘ, ਟਿੰਕੂ ਕੁਮਾਰ, ਮਨਦੀਪ ਸਿੰਘ, ਰਮਨਪ੍ਰੀਤ ਸਿੰਘ, ਕੁਲਵੀਰ ਸਿੰਘ, ਰਣਜੀਤ ਕੁਮਾਰ, ਹਰਜੀਤ ਸਿੰਘ ਜੋਗਾ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਭਾਰਤ ਦੀ ਨੈਸ਼ਨਲ ਸਟਾਕ ਐਕਸਚੇਂਜ ਦੀ ਸਾਬਕਾ ਸੀ ਈ ਓ ਚਿਤਰਾ ਗ੍ਰਿਫਤਾਰ



ਨਵੀਂ ਦਿੱਲੀ, 7 ਮਾਰਚ (ਪੋਸਟ ਬਿਊਰੋ)- ਕੋ-ਲੋਕੇਸ਼ਨ ਘੋਟਾਲੇ ਵਿੱਚ ਜਾਂਚ ਏਜੰਸੀ ਸੀ ਬੀ ਆਈ ਨੇ ਕੱਲ੍ਹ ਭਾਰਤ ਦੇ ਨੈਸ਼ਨਲ ਸਟਾਕ ਐਕਸਚੇਂਜ (ਐਨ ਐਸ ਈ) ਦੀ ਸਾਬਕਾ ਸੀ ਈ ਓ ਚਿਤਰਾ ਰਾਮਕ੍ਰਿਸ਼ਨ ਨੂੰ ਗ੍ਰਿਫਤਾਰ ਕਰ ਲਿਆ ਹੈ। ਹਾਲੇ ਉਨ੍ਹਾਂ ਨੂੰ ਜਾਂਚ ਏਜੰਸੀ ਦੇ ਹੈਡਕੁਆਰਟਰ ਵਿੱਚ ਰੱਖਿਆ ਗਿਆ ਹੈ। ਤਿੰਨ ਦਿਨ ਉਨ੍ਹਾਂ ਤੋਂ ਪੁੱਛਗਿੱਛ ਅਤੇ ਘਰ ਦੀ ਤਲਾਸ਼ੀ ਲੈਣ ਦੇ ਬਾਅਦ ਸੀ ਬੀ ਆਈ ਨੇ ਇਹ ਕਦਮ ਚੁੱਕਿਆ ਹੈ।

ਪੁੱਛਗਿੱਛ ਦੌਰਾਨ ਜਾਂਚ ਏਜੰਸੀ ਸੀ ਬੀ ਆਈ ਨੇ ਫੋਰੈਂਸਿਕ ਸਾਇੰਸ ਲੈਬ ਦੇ ਇੱਕ ਸੀਨੀਅਰ ਮਨੋਵਿਗਿਆਨੀ ਦੀਆਂ ਵੀ ਸੇਵਾਵਾਂ ਲਈਆਂ ਸਨ। ਇਸ ਤੋਂ ਪਹਿਲਾਂ ਕੱਲ੍ਹ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਚਿਤਰਾ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਅਸਲ ਵਿੱਚ ਸੀ ਬੀ ਆਈ ਕੋ-ਲੋਕੇਸ਼ਨ ਘੋਟਾਲੇ ਵਿੱਚ ਦਿੱਲੀ ਦੇ ਇੱਕ ਸਟਾਕ ਬਰੋਕਰ ਦੀ ਜਾਂਚ ਕਰ ਰਹੀ ਸੀ। ਇਸ ਮੌਕੇ ਜਾਂਚ ਏਜੰਸੀ ਨੂੰ ਐਨ ਐਸ ਈ ਦੇ ਸੀਨੀਅਰ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਪਤਾ ਲੱਗਾ ਤਾਂ ਸੀ ਬੀ ਆਈ ਨੇ ਜਾਂਚ ਦਾ ਦਾਇਰਾ ਵਧਾਇਆ ਤੇ 25 ਫਰਵਰੀ ਨੂੰ ਐਨ ਐਸ ਈ ਦੇ ਸਾਬਕਾ ਗਰੁੱਪਚਾਲਕ ਆਨੰਦ ਸੁਬਰਮਨੀਅਮ ਨੂੰ ਗ੍ਰਿਫਤਾਰ ਕਰ ਲਿਆ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਚਿਤਰਾ ਰਾਮਕ੍ਰਿਸ਼ਨ ਇੱਕ 'ਗੁਰੂ' ਦੇ ਕਹਿਣ ਉੱਤੇ ਐਨ ਐਸ ਈ ਦੇ ਫੈਸਲੇ ਲੈਂਦੀ ਹੁੰਦੀ ਸੀ। ਫੋਰੈਂਸਿਕ ਆਡਿਟ ਵਿੱਚ ਸੁਬਰਮਨੀਅਮ ਨੂੰ ਹੀ ਗੁਰੂ ਦੱਸਿਆ ਗਿਆ ਸੀ, ਪਰ ਜਦ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਇਸ ਮਾਮਲੇ ਦੀ ਅੰਤਿਮ ਜਾਂਚ ਰਿਪੋਰਟ ਜਾਰੀ ਕੀਤੀ ਤਾਂ ਉਸ ਨੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਹੈ।

ਚਿਤਰਾ ਰਾਮਕ੍ਰਿਸ਼ਨਸਾਲ 2013 ਵਿੱਚ ਰਵੀ ਨਾਰਾਇਣ ਦੀ ਜਗ੍ਹਾ ਐਨ ਐਸ ਈ ਦੀ ਸੀ ਈ ਓ ਬਣਾਈ ਗਈ ਸੀ। ਸ਼ੁਰੂ ਵਿੱਚ ਉਨ੍ਹਾਂ ਨੇ ਸੁਬਰਮਨੀਅਮ ਨੂੰ ਆਪਣਾ ਸਲਾਹਕਾਰ ਬਣਾਇਆ, ਪਰ ਬਾਅਦ ਵਿੱਚ ਸਾਲਾਨਾ 4.21 ਕਰੋੜ ਰੁਪਏ ਦੀ ਤਨਖਾਹ ਉੱਤੇ ਗਰੁੱਪ ਸੰਚਾਲਨ ਅਧਿਕਾਰੀ ਵਜੋਂ ਤਰੱਕੀ ਕਰ ਦਿੱਤੀ। ਸੇਬੀ ਨੂੰ ਆਡਿਟ ਰਿਪੋਰਟ ਵਿੱਚ ਇਨ੍ਹਾਂ ਧਾਂਦਲੀਆਂ ਦਾ ਪਤਾ ਲੱਗਾ ਤਾਂ ਪੂੰਜੀ ਬਾਜ਼ਾਰ ਰੈਗੂਲੇਟਰੀ ਨੇ ਚਿਤਰਾ ਰਾਮਕ੍ਰਿਸ਼ਨ ਉੱਤੇ ਤਿੰਨ ਕਰੋੜ, ਐਨ ਐਸ ਈ ਅਤੇ ਸੁਬਰਮਨੀਅਮ ਉੱਤੇ ਦੋ-ਦੋ ਕਰੋੜ, ਮੁੱਖ ਰੈਗੂਲੇਟਰੀ ਅਧਿਕਾਰੀ ਤੇ ਇੱਕ ਅਧਿਕਾਰੀ ਵੀ ਆਰ ਨਰਸਿਮਹਾ ਉੱਤੇ ਛੇ ਲੱਖ ਰੁਪਏ ਦਾ ਜੁਰਮਾਨਾ ਲਾਇਆ। ਸਾਲ 2016 ਵਿੱਚ ਚਿਤਰਾ ਰਾਮਕ੍ਰਿਸ਼ਨ ਨੇ ਐਨ ਐਸ ਈ ਛੱਡ ਦਿੱਤਾ ਸੀ।

# ਅਮਰੀਕਾ ਯੂਕਰੇਨ ਦੇ ਸ਼ਰਨਾਰਥੀਆਂ ਨੂੰ ਸੰਭਾਲਣ ਵਿੱਚ ਮਦਦ ਕਰੇਗਾ



ਚਿਸਿਨਊ, 7 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਮੋਲ-ਡੋਵਾ ਦੀ ਮਦਦ ਕਰਨ ਦਾ ਐਲਾਨ ਕੀਤਾ ਹੈ, ਜੋ ਯੂਕਰੇਨ ਤੋਂ ਆ ਰਹੇ ਸ਼ਰਨਾਰਥੀਆਂ ਨੂੰ ਸੰਭਾਲ ਰਿਹਾ ਹੈ।

ਮੋਲਡੋਵਾ ਸਾਬਕਾ ਸੋਵੀਅਤ ਯੂਨੀਅਨ ਮੁਲਕ ਹੈ ਅਤੇ ਅੱਜਕੱਲ੍ਹਉਸ ਦਾ ਝੁਕਾਅ ਪੱਛਮ ਵੱਲ ਹੈ। ਰੂਸ ਵੱਲੋਂ ਯੂਕਰੇਨ ਉਤੇ ਹਮਲੇ ਤੋਂ ਇਹ ਮੁਲਕ ਚਿੰਤਤ ਹੈ। ਬਲਿੰਕਨ ਨੇ ਕੱਲ੍ਹ ਮੋਲਡੋਵਾ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ, ਜੋ 1,20,000 ਸ਼ਰਨਾਰਥੀਆਂ ਦੀ ਮਦਦ ਲਈ ਕੌਮਾਂਤਰੀ ਪੱਧਰ ਉਤੇ ਮਦਦ ਮੰਗ ਰਹੇ ਹਨ। ਮੋਲਡੋਵਾ ਸੰਭਾਵੀ ਰੂਸੀ ਹਮਲੇ ਖਿਲਾਫ ਸੁਰੱਖਿਆ ਦਾ ਭਰੋਸਾ ਵੀ ਮੰਗ ਰਿਹਾ ਹੈ। ਗਿਆਰਾਂ ਦਿਨਾਂ ਦੀ ਜੰਗ ਦੌਰਾਨ 2,30,000 ਤੋਂ ਵੱਧ ਲੋਕ ਯੂਕਰੇਨ ਤੋਂ ਮੋਲਡੋਵਾ ਵਿੱਚ ਜਾ ਚੁੱਕੇ ਹਨ। ਬਲਿੰਕਨ ਨੇ ਕਿਹਾ ਕਿ ਮੋਲਡੋਵਾ ਵੱਲੋਂ ਸ਼ਰਨਾਰਥੀਆਂ ਨੂੰ ਸੰਭਾਲਣਾ ਪੂਰੇ ਸੰਸਾਰ ਲਈ ਪ੍ਰੇਰਨਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਬੇਵੱਸ ਹੋਏ ਆਪਣੇ ਗੁਆਂਢੀਆਂ ਨੂੰ ਸਾਂਭ ਰਹੇ ਹਨ। ਮੋਲਡੋਵਾ ਉਤੇ ਪਏ ਇਸ ਬੋਝ ਵਿੱਚ ਅਮਰੀਕਾ ਸਹਾਇਕ ਬਣੇਗਾ ਤੇ ਮਦਦ ਕਰੇਗਾ। ਮੋਲਡੋਵਾ ਨੇ ਨਾਟੋ ਦਾ ਮੈਂਬਰ ਬਣਨ ਦੀ ਕੋਸ਼ਿਸ਼ ਨਹੀਂ ਕੀਤੀ, ਪਰ ਇਸ ਨੇ ਯੂਰਪੀਅਨ ਯੂਨੀਅਨ ਵਿੱਚ ਸ਼ਾਮਲ ਹੋਣ ਲਈ ਯਤਨ ਵਿੱਢੇ ਹਨ।

# ਪੇਸ਼ਾਵਰ ਵਿੱਚ ਆਤਮਘਾਤੀ ਬੰਬ ਹਮਲਾ ਕਰਨ ਵਾਲੇ ਨੈਟਵਰਕ ਦਾ ਪਤਾ ਲੱਗਾ



ਪਿਸ਼ਾਵਰ, 7 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਜਾਂਚ ਅਧਿਕਾਰੀਆਂ ਨੇ ਦੇਸ਼ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਇੱਕ ਸ਼ਿਆ ਮਸਜਿਦ ਉੱਤੇ ਆਤਮਘਾਤੀ ਹਮਲੇ ਲਈ ਜ਼ਿੰਮੇਵਾਰ ਪੂਰੇ ਨੈਟਵਰਕ ਅਤੇ ਪਰਵਾਰ ਦੇ ਮੈਂਬਰਾਂ ਦਾ ਪਤਾ ਲਾ ਲੈਣ ਦਾ ਦਾਅਵਾ ਕੀਤਾ ਹੈ। ਆਈ ਐਸ ਖੁਰਾਸਾਨ ਨਾਲ ਸਬੰਧਤ ਇੱਕ ਆਤਮਘਾਤੀ ਹਮਲਾਵਰ ਨੇ ਪਿਸ਼ਾਵਰ ਦੇ ਕੱਸਾ ਖਵਾਨੀ ਬਾਜ਼ਾਰ ਵਿੱਚ ਮਸਜਿਦ ਦੇ ਅੰਦਰ ਸ਼ੁੱਕਰਵਾਰ ਨੂੰ ਖੁਦ ਨੂੰ ਧਮਾਕੇ ਨਾਲ ਉਡਾ ਲਿਆ ਸੀ। ਇਸ ਧਮਾਕੇ ਵਿੱਚ 63 ਲੋਕਾਂ ਦੀ ਮੌਤ ਹੋ ਗਈ ਅਤੇ 200 ਹੋਰ ਲੋਕ ਜ਼ਖਮੀ ਹੋ ਗਏ ਸਨ।

ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਦੇ ਸੂਚਨਾ ਸਲਾਹਕਾਰ ਨੇ ਦਸਿਆ ਕਿ ਇੱਕ ਰਿਕਸ਼ਾ ਚਾਲਕ ਤੇ ਇੱਕ ਹੋਰ ਵਿਅਕਤੀ ਦਾ ਪਤਾ ਲੱਗਾ ਹੈ। ਜਾਂਚਕਰਤਾ ਹਮਲਾਵਰਾਂ ਦੇ ਪਰਵਾਰ ਦੇ ਮੈਂਬਰਾਂ ਦੇ ਕਰੀਬ ਪਹੁੰਚ ਗਏ ਹਨ। ਸ਼ਨਾਖਤ ਪ੍ਰਕਿਰਿਆ ਹੋ ਗਈ ਹੈ। ਇਸ ਘਟਨਾ ਤੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਦੇ ਗ੍ਰਹਿ ਮੰਤਰੀ ਸ਼ੇਖ਼ ਰਾਸ਼ਿਦ ਅਹਿਮਦ ਨੇ ਕਿਹਾ ਸੀ ਕਿ ਖਤਰਨਾਕ ਆਤਮਘਾਤੀ ਹਮਲੇ ਦੇ ਪਿੱਛੇ ਕੰਮ ਕਰਦੇ ਲੋਕਾਂ ਦੀ ਗ੍ਰਿਫਤਾਰੀ ਕੀਤੀ ਜਾਵੇਗੀ। ਖਾਨ ਰਾਜਿਕ ਥਾਣੇ ਵਿੱਚ ਬੇਪਛਾਣ ਮੁਲਜ਼ਮਾਂ ਖਿਲਾਫ ਸ਼ਿਕਾਇਤ ਦਰਜ ਕੀਤੀ ਗਈਹੈ। ਮੰ-ਨਆ ਜਾਂਦਾ ਹੈ ਕਿ ਇਸ ਵਿੱਚ ਦੋ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਥਾਂ ਤੋਂ ਜ਼ਰੂਰੀ ਅੰਕੜੇ ਇਕੱਠੇ ਕੀਤੇ ਗਏ ਹਨ। ਜਾਂਚ ਟੀਮ ਮੁਤਾਬਕ ਉਨ੍ਹਾਂ ਨੂੰ ਸੱਤ ਬੁਲੇਟ ਸ਼ੈਲ ਮਿਲੇ ਹਨ ਅਤੇ ਹਮਲਾਵਰ ਨੇ ਖੁਦ ਨੂੰ ਉਡਾਉਣ ਤੋਂ ਪਹਿਲਾਂ ਨੌਂ ਐਮ ਐਮ ਦੀ ਪਿਸਤੌਲ ਵਰਤੀ ਸੀ।

# ਸਮੁੰਦਰ 'ਚ ਡੁੱਬੇ ਸ਼ਹਿਰ ਵਿੱਚ ਐਨਰਜੀ ਫੀਲਡ ਤੇ ਕਈ ਪਿਰਾਮਿਡ

ਮੈਕਸੀਕੋ, 7 ਮਾਰਚ (ਪੋਸਟ ਬਿਊਰੋ)- ਇਨਸਾਨ ਭਾਵੇਂ ਇਸ ਧਰਤੀ ਉੱਤੇ ਹਜ਼ਾਰਾਂ ਸਾਲਾਂ ਤੋਂ ਰਹਿੰਦੇ ਆਏ ਹਨ, ਪ੍ਰੰਤੂ ਅੱਜ ਵੀ ਧਰਤੀ ਦੇ ਅੰਦਰ ਬਹੁਤ ਸਾਰੇ ਅਜਿਹੇ ਰਹੱਸ ਹਨ, ਜਿਨ੍ਹਾਂ ਬਾਰੇ ਕੋਈ ਨਹੀਂ ਜਾਣਦਾ।

ਇੱਕ ਵਿਅਕਤੀ ਨੇ ਗਲਫ ਆਫ ਮੈਕਸੀਕੋ ਵਿੱਚ ਇੱਕ ਅਜਿਹਾ ਰਹੱਸਮਈ ਸ਼ਹਿਰ ਲੱਭਣਦਾ ਦਾਅਵਾ ਕੀਤਾ ਹੈ, ਜੋ ਕਰੀਬ 12 ਹਜ਼ਾਰ ਸਾਲ ਪਹਿਲਾਂ ਕਿਸੇ ਕਾਰਨ ਸਮੁੰਦਰ ਵਿੱਚ ਡੁੱਬ ਗਿਆ ਸੀ। ਇਸ ਸ਼ਹਿਰ ਨੂੰ ਲੱਭਣ ਵਾਲੇ ਦਾ ਨਾਂਅ ਜਾਰਜ ਗੇਲੇ ਦੱਸਿਆ ਗਿਆ ਹੈ, ਜੋ ਰਿਟਾਇਰਡ ਆਰਕੀਓਲਾਜਿਸਟ ਹੈ। ਉਸ ਦਾ ਦਾਅਵਾ ਹੈ ਕਿ ਸਮੁੰਦਰ ਦੇ ਅੰਦਰ ਡੁੱਬੇ ਉਸ ਸ਼ਹਿਰ ਵਿੱਚ ਐਨਰਜੀ ਫੀਲਡ ਹੈ ਅਤੇ ਨਾਲ ਹੀ ਕਈ ਪਿਰਾਮਿਡਸ ਵੀ ਹਨ।

'ਦ ਸਨ' ਦੀ ਰਿਪੋਰਟ ਮੁਤਾਬਕ ਜਾਰਜ ਉਸ ਰਹੱਸਮਈ ਸ਼ਹਿਰ ਨੂੰ ਲੱਭਣ ਲਈ ਉਸ ਜਗ੍ਹਾ ਉੱਤੇ 44 ਵਾਰ ਜਾ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਮੁੰਦਰ ਦੇ ਕਿਨਾਰੇ ਇੱਕ ਗ੍ਰੇਨਾਈਟ ਵੀ ਮਿਲਿਆ ਸੀ, ਜਿਸ ਉੱਤੇ ਕੁਝ ਲਿਖਿਆ ਹੋਇਆ ਹੈ। ਉਨ੍ਹਾਂ ਨੇ ਇਸ ਨੂੰ ਪਿਰਾਮਿਡ ਦਾ ਹਿੱਸਾ ਦੱਸਿਆ ਹੈ। ਰਿਪੋਰਟ ਮੁਤਾਬਕ ਉਸ ਰਹੱਸਮਈ ਜਗ੍ਹਾ ਉੱਤੇ ਬਰਮੂਡਾ ਟ੍ਰੈਂਗਲ ਵਰਗਾ ਮਾਹੌਲ ਹੈ, ਇਸ ਲਈ ਉਥੇ ਸਾਰੇ ਇਲੈਕਟ੍ਰੌਨਿਕ ਆਈਟਮ ਕੰਮ ਕਰਨਾ ਬੰਦ ਕਰ ਦਿੰਦੇ ਹਨ। ਇੱਥੋਂ ਤਕ ਕਿ ਕਈ ਮਛੇਰਿਆਂ ਨੂੰ ਉਥੋਂ ਅਜੀਬ ਤਰ੍ਹਾਂ ਦੇ ਪੱਥਰ ਮਿਲੇ ਹਨ ਤੇ ਇਨ੍ਹਾਂ ਸਾਰੇ ਸਬੂਤਾਂ ਨੂੰ ਆਧਾਰ ਮੰਨ ਕੇ ਜਾਰਜ ਕਹਿੰਦੇ ਹਨ ਕਿ ਉਥੇ ਜ਼ਰੂਰ ਇੱਕ ਸ਼ਹਿਰ ਹੈ, ਜੋ ਹਜ਼ਾਰਾਂ ਸਾਲਾਂ ਤੋਂ ਸਮੁੰਦਰ ਵਿੱਚ ਡੁੱਬਿਆ ਹੋਇਆ ਹੈ।

ਜਾਰਜ ਦੀਆਂ ਗੱਲਾਂ ਉੱਤੇ ਬਾਕੀ ਖੋਜਕਾਰਾਂ ਨੂੰ ਯਕੀਨ ਤਾਂ ਨਹੀਂ, ਪਰ ਜਾਰਜ ਨੂੰ ਪੂਰਾ ਯਕੀਨ ਹੈ ਕਿ ਸਮੁੰਦਰ ਦੇ ਅੰਦਰ ਰੇਤ ਵਿੱਚ ਸੈਂਕੜੇ ਇਮਾਰਤਾਂ ਦੱਬੀਆਂ ਹੋਈਆਂ ਹਨ, ਉਨ੍ਹਾਂ ਦਾ ਸਬੰਧ ਗੀਜਾ ਦੇ ਪਿਰਾਮਿਡ ਨਾਲ ਹੈ। ਰਿਪੋਰਟਾਂ ਮੁਤਾਬਕ ਰਿਕੀ ਰੋਬਿਨ ਨਾਂਅ ਦੇ ਸਥਾਨਕ ਖੋਜਕਰਤਾ ਵੀ ਜਾਰਜ ਦੇ ਨਾਲ ਉਸ ਜਗ੍ਹਾ ਗਏ ਅਤੇ ਉਨ੍ਹਾਂ ਨੇ ਦੇਖਿਆ ਕਿ ਉਥੇ ਅਚਾਨਕ ਉਨ੍ਹਾਂ ਦੇ ਕੰਪਾਸ ਦੀ ਦਿਸ਼ਾ ਬਦਲ ਗਈ, ਜਿੱਥੇ ਜਾਰਜ ਨੂੰ ਯਕੀਨ ਹੈ ਕਿ ਉਥੇ ਪਿਰਾਮਿਡਸ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸਮੁੰਦਰ ਦੇ ਅੰਦਰ ਕੁਝ ਤਾਂ ਐਨਰਜੀ ਹੈ, ਜਿਸ ਨੇ ਕੰਪਾਸ ਦੀ ਦਿਸ਼ਾ ਨੂੰ ਬਦਲ ਦਿੱਤਾ।

# ਸ਼੍ਰੀਨਗਰ ਵਿੱਚ ਸੁਰੱਖਿਆ ਫੋਰਸਾਂ ਉੱਤੇ ਗ੍ਰੇਨੇਡ ਹਮਲਾ

## * ਬਜ਼ੁਰਗ ਦੀ ਮੌਤ, 23 ਜ਼ਖ਼ਮੀ



ਸ਼੍ਰੀਨਗਰ, 7 ਮਾਰਚ (ਪੋਸਟ ਬਿਊਰੋ)- ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਦੀ ਰਾਜਧਾਨੀ ਸ਼੍ਰੀਨਗਰ ਦੇ ਭੀੜ-ਭੜੱਕੇ ਵਾਲੇ ਹਰੀ ਸਿੰਘ ਹਾਈ ਸਟਰੀਟ ਬਾਜ਼ਾਰ ਵਿੱਚ ਕੱਲ੍ਹ ਗ੍ਰੇਨੇਡ ਹਮਲੇ ਵਿੱਚ ਇੱਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ 23 ਹੋਰ ਜ਼ਖਮੀ ਹੋ ਗਏ।ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਅਧਿਕਾਰਤ ਸੂਤਰਾਂ ਮੁਤਾਬਕ ਬਾਜ਼ਾਰ ਵਿੱਚ ਸੁਰੱਖਿਆ ਫੋਰਸਾਂ ਉੱਤੇ ਅੱਤਵਾਦੀਆਂ ਨੇ ਇਹ ਗ੍ਰੇਨੇਡ ਸੁੱਟਿਆ ਸੀ। ਜ਼ਖਮੀਆਂ ਨੂੰ ਮਹਾਰ-ਾਜਾ ਹਰੀ ਸਿੰਘ (ਐਸ ਐਮ ਐਚ ਐਸ) ਹਸਪਤਾਲ ਲਿਜਾਇਆ ਗਿਆ, ਜਿੱਥੇ ਗੰਭੀਰ ਜ਼ਖਮੀ ਇੱਕ ਵਿਅਕਤੀ ਨੇ ਦਮ ਤੋੜ ਦਿੱਤਾ। ਮ੍ਰਿਤਕ ਦੀ ਪਛਾਣ ਮਖਦੂਮ ਸਾਹਿਬ ਸ਼੍ਰੀਨਗਰ ਦੇ ਮੁਹੰਮਦ ਅਸਲਮ ਮਖਦੂਮੀ ਵਜੋਂ ਹੋਈ ਹੈ। ਜ਼ਖ਼ਮੀਆਂ ਵਿੱਚ ਇੱਕ ਦੀ ਹਾਲਤ ਨਾਜ਼ੁਕ ਹੈ। ਸੁਰੱਖਿਆ ਫੋਰਸਾਂ ਨੇ ਇਲਾਕੇ ਦੀ ਘੇਰਾਬੰਦੀ ਕਰ ਕੇ ਹਮਲਾਵਰਾਂ ਨੂੰ ਫੜਣ ਲਈ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਸ਼੍ਰੀਨਗਰ ਪੁਲਸ ਨੇ ਜਨਤਾ ਲਈ ਐਡਵਾਈਜ਼ਰੀ ਜਾਰੀ ਕਰ ਕੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਪੁਲਸ ਨੂੰ ਜਾਣਕਾਰੀ ਦੇਣ ਦੀ ਅਪੀਲ ਕੀਤੀ ਹੈ।ਪੀਪੁਲਸ ਡੈਮੋਕ੍ਰੇਟਿਕ ਪਾਰਟੀ ਮੁਖੀ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਆਪਣੇ ਟਵੀਟ ਵਿੱਚ ਕਿਹਾ, ''ਇਸ ਤਰ੍ਹਾਂ ਦਾ ਕਾਇਰਾਨਾ ਹਮਲਾ ਨਿੰਦਣਯੋਗ ਹੈ। ਜੰਮੂ-ਕਸ਼ਮੀਰ ਦੇ ਲੋਕ ਆਪਣੀ ਜ਼ਿੰਦਗੀ ਨਾਲ ਭੁਗਤਾਨ ਕਰ ਰਹੇ ਹਨ। ਪੀੜਤ ਪਰਵਾਰਾਂ ਅਤੇ ਰਿਸ਼ਤੇਦਾਰਾਂ ਪ੍ਰਤੀ ਡੂੰਘੀ ਹਮਦਰਦੀ।''ਆਪਣੀ ਪਾਰਟੀ ਦੇ ਪ੍ਰਧਾਨ ਅਲਤਾਫ ਬੁਖਾਰੀ ਨੇ ਟਵੀਟ ਕੀਤਾ, ''ਮੇਰੀ ਹਮਦਰਦੀ ਅਤੇ ਅਰਦਾਸਾਂ ਹਰੀ ਸਿੰਘ ਹਾਈ ਸਟਰੀਟ ਗ੍ਰੇਨੇਡ ਹਮਲੇ ਵਿੱਚ ਜ਼ਖ਼ਮੀ ਹੋਏ ਲੋਕਾਂ ਦੇ ਨਾਲ ਹਨ। ਹਿੰਸਾ ਸਾਡੇ ਲਈ ਨਾ-ਸਵੀਕਾਰਯੋਗ ਹੈ। ਮੈਂ ਸਪੱਸ਼ਟ ਰੂਪ ਵਿੱਚ ਹਿੰਸਾ ਦੀ ਇਸ ਕਾਇਰਾਨਾ ਵਾਰਦਾਤ ਦੀ ਨਿੰਦਾ ਕਰਦਾ ਹਾਂ।''

# ਫਲਸਤੀਨ ਵਿੱਚ ਭਾਰਤੀ ਰਾਜਦੂਤ ਮੁਕੁਲ ਆਰੀਆ ਦਾ ਦਿਹਾਂਤ



ਨਵੀਂ ਦਿੱਲੀ, 7 ਮਾਰਚ (ਪੋਸਟ ਬਿਊਰੋ)- ਫਲਸਤੀਨ ਦੇ ਸ਼ਹਿਰ ਰਮੱਲਾ ਵਿੱਚ ਭਾਰਤੀ ਰਾਜਦੂਤ ਮੁਕੁਲ ਆਰੀਆ ਦਾ ਦਿਹਾਂਤ ਹੋ ਗਿਆ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਇਹ ਜਾਣਕਾਰੀ ਦਿੰਦਿਆਂ ਉਨ੍ਹਾਂ ਦੀ ਮੌਤ ਉੱਤੇ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਉਹ ਇੱਕ ਪ੍ਰਤਿਭਾਸ਼ਾਲੀ ਅਧਿਕਾਰੀ ਸਨ।

ਸਾਲ 2008 ਬੈਚ ਦੇ ਭਾਰਤੀ ਵਿਦੇਸ਼ ਸੇਵਾ (ਆਈ ਐਫ ਐਸ) ਦੇ ਅਧਿਕਾਰੀ ਆਰੀਆ ਦੀ ਮੌਤ ਕਿੱਦਾਂ ਹੋਈ, ਇਸ ਬਾਰੇ ਪਤਾ ਨਹੀਂ ਲੱਗ ਸਕਿਆ। ਫਲਸਤੀਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਿਵੇਂ ਹੀ ਇਹ ਦਰਦਨਾਕ ਖ਼ਬਰ ਸਾਹਮਣੇ ਆਈ, ਰਾਸ਼ਟਰਪਤੀ ਮੁਹੰਮਦ ਅੱਬਾਸ ਅਤੇ ਪ੍ਰਧਾਨ ਮੰਤਰੀ ਮੁਹੰਮਦ ਸ਼ਤਾਯੇਹ ਵੱਲੋਂ ਸਿਹਤ ਮੰਤਰਾਲੇ ਤੋਂ ਇਲਾਵਾ ਸਾਰੇ ਸੁਰੱਖਿਆ, ਪੁਲਸ ਤੇ ਜਨਤਕ ਅਧਿਕਾਰੀਆਂ ਨੂੰ ਭਾਰਤੀ ਰਾਜਦੂਤ ਦੇ ਨਿਵਾਸ ਸਥਾਨ ਉੱਤੇ ਜਾਣ ਦੇ ਨਿਰਦੇਸ਼ ਦਿੱਤੇ ਤਾਂ ਜੋ ਕੇਸ ਦੀ ਨੇੜਿਓਂ ਨਿਗਰਾਨੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਆਰੀਆ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਜਾਣ ਦਾ ਪ੍ਰਬੰਧ ਕਰਨ ਲਈ ਅਸੀਂ ਭਾਰਤੀ ਵਿਦੇਸ਼ ਮੰਤਰਾਲੇ ਦੇ ਸੰਪਰਕ ਵਿੱਚ ਹਾਂ। ਵਰਨਣ ਯੋਗ ਹੈ ਕਿ ਆਰੀਆ ਕਾਬੁਲ ਅਤੇ ਮਾਸਕੋ ਸਥਿਤ ਭਾਰਤੀ ਦੂਤਾਵਾਸਾਂ ਵਿੱਚ ਵੀ ਸੇਵਾਵਾਂ ਨਿਭਾਅ ਚੁੱਕੇ ਸਨ। ਉਨ੍ਹਾਂ ਨੇ ਪੈਰਿਸ ਵਿੱਚ ਯੂਨੈਸਕੋ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ ਮੰਡਲ ਵਿੱਚ ਵੀ ਸੇਵਾ ਨਿਭਾਈ।

# ਰੂੜੀਵਾਦੀ ਸ੍ਰੀਲੰਕਨ ਇਲਾਕੇ ਵਿੱਚ ਪੰਜ ਔਰਤਾਂ ਦਾ ਸਰਫਿੰਗ ਗਰੁੱਪ ਆਈਕਾਨ



ਕੋਲੰਬੋ, 7 ਮਾਰਚ (ਪੋਸਟ ਬਿਊਰੋ)- ਸ੍ਰੀਲੰਕਾ ਦੇ ਇੱਕ ਛੋਟੇ ਜਿਹੇ ਪਿੰਡ ਆਰੂੰਗਮ ਦੀ ਸ਼ਾਮਿਲੀ ਸੰਜਯਾ ਨੇ ਸਰਫਿੰਗ ਦੇ ਨਾਲ ਬਦਲਾਅ ਦੀ ਸ਼ੁਰੂਆਤ ਕੀਤੀ ਹੈ। ਸਰਫਿੰਗ ਵੱਲ ਉਨ੍ਹਾਂ ਦੇ ਜਨੂੰਨ ਨੇ ਸਮਾਜ ਦੀਆ ਰੂੜੀਵਾਦੀ ਮਾਨਤਾਵਾਂ ਨੂੰ ਤੋੜ ਕੇ ਦੇਸ਼ ਵਿੱਚ ਔਰਤਾਂ ਲਈ ਸਰਫਿੰਗ ਦਾ ਰਾਹ ਖੋਲ੍ਹ ਦਿੱਤਾ ਅਤੇ ਉਨ੍ਹਾਂ ਨੇ ਪਰਵਾਰ ਵਾਲਿਆਂ ਦੀ ਰੋਕ-ਟੋਕ, ਸਮਾਜ ਦੇ ਬੰਧਨਾਂ ਨੂੰ ਤੋੜਦੇ ਹੋਏ ਪਹਿਲਾ ਮਹਿਲਾ ਸਰਫਿੰਗ ਕਲੱਬ ਬਣਾਇਆ। ਕਈ ਪ੍ਰਤੀਯੋਗਤਾਵਾਂ ਕਰਵਾਈਆਂ। ਇਨ੍ਹਾਂ ਛੋਟੇ-ਛੋਟੇ ਯਤਨਾਂ ਨਾਲ ਇਹ ਗਰੁੱਪ ਸਰਫਿੰਗ ਆਈਕਾਨ ਬਣ ਕੇ ਉਭਰਿਆ ਹੈ।

ਅਸਲ ਵਿੱਚ ਸ੍ਰੀਲੰਕਾ ਦੇ ਪੂਰਬ ਵਿੱਚ ਅਰੂੰਗਮ ਤਟ ਨਾਲ ਦੇ ਛੋਟੇ ਜਿਹੇ ਪਿੰਡ ਦੀ ਵਸਨੀਕ ਸ਼ਾਮਲੀ ਅਕਸਰ ਸਮੁੰਦਰ ਕਿਨਾਰੇ ਬੈਠ ਕੇ ਲਹਿਰਾਂ ਨੂੰ ਦੇਖਦੀ ਰਹਿੰਦੀ ਸੀ। ਪਿਤਾ ਤੇ ਭਰਾਵਾਂ ਨੂੰ ਇੱਕ ਸਰਫ ਬੋਰਡ ਵਿੱਚ ਪੈਡਲ ਮਾਰ ਕੇ ਸਮੁੰਦਰ ਵਿੱਚ ਦੂਰ ਨਿਕਲ ਜਾਣ ਅਤੇ ਲਹਿਰਾਂ ਦੇ ਜ਼ਰੀਏ ਹੌਲੀ-ਹੌਲੀ ਵਾਪਸ ਮੁੜਨ ਦੇ ਰੋਮਾਂਚਕ ਪਲਾਂ ਵਿੱਚ ਉਹ ਵੀ ਸ਼ਾਮਲ ਹੋਣਾ ਚਾਹੁੰਦੀ ਸੀ। ਸ਼ਾਮਲੀ ਨੇ ਦੱਸਿਆ, ''ਮੈਂ ਕਿਸੇ ਵੀ ਤਰ੍ਹਾਂ ਸਰਫਿੰਗ ਕਰਨਾ ਚਾਹੁੰਦੀ ਸੀ, ਪ੍ਰੰਤੂ ਸਮੁੰਦਰ ਕਿਨਾਰੇ ਔਰਤਾਂ ਨੂੰ ਸਰਫਿੰਗ ਦੀ ਮਨਾਹੀ ਸੀ। ਰੂੜੀਵਾਦੀ ਸੋਚ ਅਜਿਹੀ ਸੀ ਕਿ ਲੜਕੀਆਂ ਸਿਰਫ ਘਰ ਦਾ ਚੁੱਲ੍ਹਾ-ਚੌਂਕਾ ਕਰਨ ਲਈ ਬਣੀਆਂ ਹਨ। ਮਰਦਾਂ ਤੇ ਸੈਲਾਨੀ ਔਰਤਾਂ ਨੂੰ ਅਰੂੰਗਮ ਤਟ ਉਤੇ ਲਹਿਰਾਂ ਉੱਤੇ ਸਵਾਰ ਹੋਣ ਦੀ ਮਨਜ਼ੂਰੀ ਸੀ। ਮੈਂ ਇਸੇ ਬੰਧਨ ਤੋਂ ਆਜ਼ਾਦ ਹੋਣ ਦੀ ਸੋਚੀ। ਕਈ ਲੋਕਾਂ ਨੇ ਦੋਸ਼ ਲਗਾਏ ਕਿ ਤੂੰ ਸ੍ਰੀਲੰਕਾ ਦਾ ਸਭਿਆਚਾਰ ਵਿਗਾੜ ਰਹੀ ਏਂ। ਧਮਕੀਆਂ ਦਿੱਤੀਆਂ ਗਈਆਂ ਕਿ ਜੇ ਤੂੰ ਕਿਸੇ ਲੜਕੀ ਨੂੰ ਸਰਫਿੰਗ ਸਿਖਾਈ ਤਾਂ ਤੈਨੂੰ ਦੇਸ਼ ਤੋਂ ਕੱਢ ਦੇਣਗੇ। ਪੁਲਸ ਨੇ ਵੀ ਸਾਡੇ ਗਰੁੱਪ ਦੀਆਂ ਔਰਤਾਂ ਨੂੰ ਸ਼ਰਾਬ ਤੇ ਡਰੱਗਸ ਦੀ ਤਸਕਰੀ ਦੇ ਦੋਸ਼ ਲਗਾ ਕੇ ਪ੍ਰੇਸ਼ਾਨ ਕੀਤਾ। ਇੰਨੀਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਅਸੀਂ ਡਟੀਆਂ ਰਹੀਆਂ।''ਅਗਸਤ 2018 ਵਿੱਚ ਪਹਿਲਾ ਮਹਿਲਾ ਸਰਫਿੰਗ ਕਲੱਬ ਬਣਿਆ। ਇਸ ਨਾਲ ਲੜਕੀਆਂ ਜੁੜਨ ਲੱਗੀਆਂ। ਉਂਗਲੀਆਂ ਉਠੀਆਂ ਤਾਂ ਕੁਝ ਨੇ ਆਉਣਾ ਬੰਦ ਕਰ ਦਿੱਤਾ, ਪਰ ਕੁਝ ਲੁੱਕ ਕੇ ਸਰਫਿੰਗ ਕਰਦੀਆਂ ਰਹੀਆਂ। ਅੱਜ ਮੈਂਬਰ ਵਧ ਰਹੇ ਹਨ।

# ਪੁਤਿਨ ਮੇਰੇ ਹੁੰਦਿਆਂ ਡਰਦੇ ਰਹੇ, ਯੂਕਰੇਨ ਉੱਤੇ ਹਮਲਾ ਨਹੀਂ ਕਰ ਸਕਿਆ ਰੂਸ: ਟਰੰਪ

ਵਾਸ਼ਿੰਗਟਨ, 7 ਮਾਰਚ (ਪੋਸਟ ਬਿਊਰੋ)- ਯੂਕਰੇਨ ਉੱਤੇ ਰੂਸੀ ਹਮਲੇ ਬਾਰੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਾਇਡੇਨ ਪ੍ਰਸ਼ਾਸਨ ਉੱਤੇ ਨਿਸ਼ਾਨਾ ਸਾਧਿਆਤੇ ਕਿਹਾ ਕਿ ਮੇਰੇ ਸ਼ਾਸਨ ਦੌਰਾਨ ਵੀ ਪੁਤਿਨ ਹਮਲੇ ਦੀ ਤਿਆਰੀ ਕਰ ਰਹੇ ਸਨ, ਪਰ ਮੈਂ ਉਨ੍ਹਾਂ ਨੂੰ ਰੂਸ ਦੀ ਰਾਜਧਾਨੀ ਉੱਤੇ ਬੰਬਾਰੀ ਦੀ ਧਮਕੀ ਦਿੱਤੀ ਤਾਂ ਰੁਕ ਗਏ।

ਡੋਨਾਲਡ ਟਰੰਪ ਨੇ ਆਪਣੇ ਦੋਸਤ ਨਾਲ ਫੋਨ ਉੱਤੇ ਗੱਲ ਕਰਦਿਆਂ ਇਹ ਦਾਅਵਾ ਕੀਤਾ ਹੈ, ਜਿਸ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇੱਕ ਰਿਪੋਰਟ ਅਨੁਸਾਰ ਫ਼ੋਨ ਉੱਤੇ ਗੱਲਬਾਤ ਕਰਦੇ ਹੋਏ ਟਰੰਪ ਨੇ ਕਿਹਾ ਕਿ ਰੂਸ ਨੇ ਓਬਾਮਾ ਸ਼ਾਸਨ ਦੌਰਾਨ ਕ੍ਰੀਮੀਆ ਨੂੰ ਆਪਣੇ ਨਾਲ ਮਿਲਾ ਲਿਆ ਸੀ ਤੇ ਬਾਇਡੇਨ ਦੇ ਸ਼ਾਸਨ ਦੌਰਾਨ ਯੂਕਰੇਨ ਉੱਤੇ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਮੇਰੇ ਸ਼ਾਸਨ ਦੌਰਾਨ ਕਿਸੇ ਵਿੱਚ ਵੀ ਅਮਰੀਕਾ ਨੂੰ ਅੱਖਾਂ ਦਿਖਾਉਣ ਦੀ ਹਿੰਮਤ ਨਹੀਂ ਸੀ।ਟਰੰਪ ਨੇ ਗੱਲਬਾਤ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿੰਨਪਿੰਗ ਬਾਰੇ ਵੀ ਖੁਲਾਸਾ ਕੀਤਾ ਤੇ ਕਿਹਾ ਕਿ ਮੈਂ ਚੀਨ ਦੇ ਰਾਸ਼ਟਰਪਤੀ ਨੂੰ ਕਿਹਾ ਕਿ ਤੁਸੀਂ ਜ਼ਿਆਦਾ ਉਡਾਣ ਨਾ ਭਰੋ, ਨਹੀਂ ਤਾਂ ਤਾਈਵਾਨ ਜਲਦੀ ਹੀ ਨਵਾਂ ਦੇਸ਼ ਬਣ ਜਾਵੇਗਾ। ਟਰੰਪ ਨੇ ਕਿਹਾ ਕਿ ਇਸ ਤੋਂ ਬਾਅਦ ਜਿਨਪਿੰਗ ਸ਼ਾਤ ਹੋ ਗਏ ਹਨ। ਟਰੰਪ ਨੇ ਅੱਗੇ ਕਿਹਾ ਕਿ ਜਿਸ ਤਰ੍ਹਾਂ ਸਾਡੀ ਫ਼ੌਜ ਅਫ਼ਗਾਨਿਸਤਾਨ ਤੋਂ ਵਾਪਸ ਆਈ ਹੈ, ਉਸ ਨਾਲ ਰੂਸ ਅਤੇ ਚੀਨ ਨੂੰ ਹੌਸਲਾ ਮਿਲਿਆ ਹੈ। ਦੋਵੇਂ ਦੇਸ਼ ਸਮਝ ਗਏ ਕਿ ਅਮਰੀਕਾ ਕਮਜ਼ੋਰ ਹੈ ਤੇ ਕੋਈ ਵੱਡਾ ਫ਼ੈਸਲਾ ਨਹੀਂ ਲੈ ਸਕਦਾ। ਰੂਸ-ਯੂਕਰੇਨ ਯੁੱਧ ਤੋਂ ਬਾਅਦ ਚੀਨ ਤਾਈਵਾਨ ਉੱਤੇ ਹਮਲਾ ਕਰ ਸਕਦਾ ਹੈ।







# ਕ੍ਰੈਡਿਟ ਕਾਰਡ ਦੀ ਵਰਤੋਂ ਕਰੋ ਸਾਵਧਾਨੀ ਅਤੇ ਸਮਝਦਾਰੀ ਨਾਲ

( ਕ੍ਰੈਡਿਟ ਕਾਰਡ ਲੈਣ ਤੋਂ ਪਹਿਲਾਂ ਇਸ ਦੇ ਫਾਇਦੇ ਅਤੇ ਨੁਕਸਾਨਾਂ ਬਾਰੇ ਪੂਰੀ ਜਾਣਕਾਰੀ ਹਾਸਲ ਕਰਨੀ ਬਹੁਤ ਜ਼ਰੂਰੀ ਹੈ )



ਚਾਨਣ ਦੀਪ ਸਿੰਘ ਔਲਖ

ਅੱਜ ਦੇ ਡਿਜ਼ੀਟਲ ਯੁੱਗ ਵਿੱਚ ਜ਼ਿਆਦਾਤਰ ਲੋਕ ਕ੍ਰੈਡਿਟ ਕਾਰਡ ਲੈ ਰਹੇ ਹਨ। ਸਹੀ ਲੈਣ ਦੇਣ ਕਰਨ ਵਾਲੇ ਗਾਹਕਾਂ ਨੂੰ ਅਕਸਰ ਬੈਂਕ ਜਾਂ ਕ੍ਰੈਡਿਟ ਕਾਰਡ ਕੰਪਨੀਆਂ ਫੋਨ ਕਰਕੇ ਕ੍ਰੈਡਿਟ ਕਾਰਡ ਆਫਰ ਕਰਦੀਆਂ ਹਨ। ਪਰ ਇਸ ਨੂੰ ਲੈਣ ਤੋਂ ਪਹਿਲਾਂ ਇਸ ਦੇ ਫਾਇਦੇ ਅਤੇ ਨੁਕਸਾਨ ਬਾਰੇ ਪੂਰੀ ਜਾਣਕਾਰੀ ਲੈਣੀ ਬਹੁਤ ਜ਼ਰੂਰੀ ਹੈ। ਆਓ ਕ੍ਰੈਡਿਟ ਕਾਰਡ ਬਾਰੇ ਕੁਝ ਅਹਿਮ ਗੱਲਾਂ ਜਾਣਦੇ ਹਾਂ। ਕ੍ਰੈਡਿਟ ਕਾਰਡ ਕੀ ਹੁੰਦਾ ਹੈ? ਕ੍ਰੈਡਿਟ ਕਾਰਡ ਕਿਸੇ ਬੈਂਕ ਜਾਂ ਕ੍ਰੈਡਿਟ ਕਾਰਡ ਕੰਪਨੀ ਵੱਲੋਂ ਜਾਰੀ ਕੀਤਾ ਇੱਕ ਲੈਣ-ਦੇਣ ਵਾਲਾ ਕਾਰਡ ਹੁੰਦਾ ਹੈ ਜੋ ਕਾਰਡ ਧਾਰਕ ਨੂੰ ਚੀਜ਼ਾਂ ਅਤੇ ਸੇਵਾਵਾਂ ਦੀ ਖਰੀਦਦਾਰੀ ਕਰਨ ਜਾਂ ਨਕਦੀ ਕਢਵਾਉਣ ਦੇ ਯੋਗ ਬਣਾਉਂਦਾ ਹੈ। ਇਹ ਇੱਕ ਤਰ੍ਹਾਂ ਨਾਲ ਮਾਈਕ੍ਰੋ ਲੋਨ ਟੂਲ ਦੇ ਤੌਰ 'ਤੇ ਕੰਮ ਕਰਦਾ ਹੈ ਜਿੱਥੇ ਵਿਅਕਤੀ ਇੱਕ ਖਾਸ ਸਮੇਂ ਦੇ ਅੰਦਰ ਭੁਗਤਾਨ ਕਰਨ ਦੀ ਸ਼ਰਤ ਤੇ ਇੱਕ ਨਿਯਮਤ ਹੱਦ ਤੱਕ ਰਕਮ ਦੇ ਮੁੱਲ ਦੀ ਖਰੀਦਦਾਰੀ ਜਾਂ ਭੁਗਤਾਨ ਕਰ ਸਕਦਾ ਹੈ ਅਤੇ ਕੁਝ ਹੱਦ ਤੱਕ ਨਕਦੀ ਵੀ ਕਢਵਾ ਸਕਦਾ ਹੈ। ਜੇਕਰ ਬਕਾਇਆ ਰਕਮ ਵਿਆਜ-ਮੁਕਤ ਮਿਆਦ ਦੇ ਅੰਦਰ ਅਦਾ ਕੀਤੀ ਜਾਂਦੀ ਹੈ ਤਾਂ ਕੋਈ ਵਿਆਜ ਭੁਗਤਾਨ ਨਹੀਂ ਕਰਨਾ ਹੁੰਦਾ। ਜਾਰੀਕਰਤਾ ਵਲੋਂ ਉਧਾਰ ਲੈਣ ਦੀ ਸੀਮਾ ਪਹਿਲਾਂ ਤੋਂ ਨਿਰਧਾਰਤ ਕੀਤੀ ਜਾਂਦੀ ਹੈ ਕਿ ਇੱਕ ਉਪਭੋਗਤਾ ਕ੍ਰੈਡਿਟ ਕਾਰਡ ਤੋਂ ਵੱਧ ਤੋਂ ਵੱਧ ਕਿੰਨਾ ਕ੍ਰੈਡਿਟ ਖਰਚ ਕਰ ਸਕਦਾ ਹੈ। ਕ੍ਰੈਡਿਟ ਕਾਰਡ ਉਪਭੋਗਤਾਵਾਂ ਨੂੰ ਛੋਟਾਂ ਅਤੇ ਸੌਦਿਆਂ ਦੁਆਰਾ ਵੱਡੀ ਬੱਚਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਇਸ ਨੂੰ ਇੱਕ ਵਧੀਆ ਵਿਕਲਪ ਬਣਾਉਂਦਾ ਹੈ। ਇੱਕ ਕ੍ਰੈਡਿਟ ਕਾਰਡ ਡੈਬਿਟ ਕਾਰਡ ਤੋਂ ਵੱਖਰਾ ਹੁੰਦਾ ਹੈ, ਜਿਸਦੀ ਵਰਤੋਂ ਕਾਰਡ ਦੇ ਮਾਲਕ ਵੱਲੋਂ ਆਪਣੇ ਬੈਂਕ ਖਾਤੇ ਵਿੱਚ ਪਹਿਲਾਂ ਤੋਂ ਜਮ੍ਹਾਂ ਰਕਮ ਦੀ ਵਰਤੋਂ ਲਈ ਕੀਤੀ ਜਾਂਦੀ ਹੈ। ਕ੍ਰੈਡਿਟ ਕਾਰਡ ਲੈਣਾ ਕਿਉਂ ਜ਼ਰੂਰੀ ਹੈ? ਕ੍ਰੈਡਿਟ ਕਾਰਡ ਨਿਸ਼ਚਤ ਤੌਰ 'ਤੇ ਤੁਹਾਡੇ ਬਟੂਏ ਵਿੱਚ ਇੱਕ ਜ਼ਰੂਰੀ ਚੀਜ਼ ਹੈ। ਇੱਕ ਕ੍ਰੈਡਿਟ ਕਾਰਡ ਇੱਕ ਵਿੱਤੀ ਸਾਧਨ ਹੈ ਜੋ ਤੁਹਾਨੂੰ ਇੱਕ ਨਿਸ਼ਚਿਤ ਰਕਮ ਉਧਾਰ ਲੈਣ ਦਿੰਦਾ ਹੈ ਅਤੇ ਇਸਨੂੰ ਬਾਅਦ ਵਿੱਚ ਕਿਸ਼ਤਾਂ ਵਿੱਚ ਵਾਪਸ ਮੋੜ ਸਕਦੇ ਹੋ। ਵਿਆਜ ਤਾਂ ਹੀ ਵਸੂਲਿਆ ਜਾਂਦਾ ਹੈ ਜੇਕਰ ਕ੍ਰੈਡਿਟ ਰਕਮ ਦਾ ਭੁਗਤਾਨ ਗ੍ਰੇਸ ਪੀਰੀਅਡ ਦੇ ਅੰਦਰ ਨਹੀਂ ਕੀਤਾ ਜਾਂਦਾ ਹੈ ਜੋ ਆਮ ਤੌਰ 'ਤੇ 45 ਤੋਂ 50 ਦਿਨਾਂ ਦੇ ਵਿਚਕਾਰ ਹੁੰਦਾ ਹੈ। ਤੁਹਾਨੂੰ ਆਸਾਨੀ ਨਾਲ ਫੰਡ ਉਧਾਰ ਲੈਣ ਦੀ ਇਜਾਜ਼ਤ ਦੇਣ ਤੋਂ ਇਲਾਵਾ, ਕ੍ਰੈਡਿਟ ਕਾਰਡ ਬਹੁਤ ਸਾਰੇ ਲਾਭਾਂ ਦੀ ਪੇਸ਼ਕਸ਼ ਕਰਦੇ ਹਨ ਜਿਵੇਂ ਕਿ ਕੈਸ਼ਬੈਕ, ਇਨਾਮ ਪੁਆਇੰਟ, ਏਅਰਪੋਰਟ ਲੌਂਜ ਪਹੁੰਚ, ਫ੍ਰੀਕੁਐਂਟ ਫਲਾਇਰ ਮੀਲ, ਕ੍ਰੈਡਿਟ ਸਕੋਰ ਆਦਿ। ਭਾਵੇਂ ਤੁਸੀਂ ਕਿਸੇ ਰੈਸਟੋਰੈਂਟ ਵਿੱਚ ਕਾਰਡ ਸਵਾਈਪ ਕਰਨਾ ਚਾਹੁੰਦੇ ਹੋ ਜਾਂ ਆਨਲਾਈਨ ਭੁਗਤਾਨ ਕਰਨਾ ਚਾਹੁੰਦੇ ਹੋ , ਕ੍ਰੈਡਿਟ ਕਾਰਡ ਨਾਲ ਸਭ ਕੁਝ ਸੰਭਵ ਹੈ। ਜੇਕਰ ਸਮਝਦਾਰੀ ਨਾਲ ਵਰਤਿਆ ਜਾਵੇ ਤਾਂ ਕ੍ਰੈਡਿਟ ਕਾਰਡ ਤੁਹਾਡੀਆਂ ਛੋਟੀ ਮਿਆਦ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਸੁਵਿਧਾਜਨਕ ਸਾਧਨ ਹੈ। ਹਾਲਾਂਕਿ, ਜੇਕਰ ਤੁਸੀਂ ਇਸਦੀ ਸਮਝਦਾਰੀ ਨਾਲ ਵਰਤੋਂ ਨਹੀਂ ਕਰਦੇ, ਤਾਂ ਕ੍ਰੈਡਿਟ ਕਾਰਡ ਤੁਹਾਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਸਕਦਾ ਹੈ। ਕ੍ਰੈਡਿਟ ਕਾਰਡ ਬਾਰੇ ਕੁਝ ਧਿਆਨ ਰੱਖਣਯੋਗ ਗੱਲਾਂ ਆਪਣੇ ਕਾਰਡ ਨਾਲ ਜੁੜੇ ਗੁਪਤ ਵੇਰਵੇ ਜਿਵੇਂ ਕਿ ਕਾਰਡ ਦਾ ਪਿੰਨ ਨੰਬਰ, ਮਿਆਦ ਪੁੱਗਣ ਦੀ ਮਿਤੀ, ਸੀ ਵੀ ਵੀ ਨੰਬਰ ਅਤੇ ਹੋਰ ਵੇਰਵਿਆਂ ਨੂੰ ਹਮੇਸ਼ਾ ਸੁਰੱਖਿਅਤ ਰੱਖੋ ਤਾਂ ਜੋ ਕਿਸੇ ਤਰ੍ਹਾਂ ਦੀ ਕੋਈ ਧੋਖਾਧੜੀ ਨਾ ਹੋ ਸਕੇ। ਇਹਨਾਂ ਵੇਰਵਿਆਂ ਨੂੰ ਕਦੇ ਵੀ ਕਿਸੇ ਨਾਲ ਸਾਂਝਾ ਨਾ ਕਰੋ । ਕਿਸੇ ਅਸੁਰੱਖਿਅਤ ਮਸ਼ੀਨ 'ਤੇ ਸਵਾਈਪ ਕਰਨ ਨਾਲ ਵੀ ਤੁਹਾਡੀ ਸਾਰੀ ਗੁਪਤ ਜਾਣਕਾਰੀ ਲੀਕ ਹੋ ਸਕਦੀ ਹੈ ਇਸ ਲਈ ਕਾਰਡ ਨੂੰ ਹਮੇਸ਼ਾ ਸੁਰੱਖਿਅਤ ਮਸ਼ੀਨ 'ਤੇ ਹੀ ਸਵਾਈਪ ਕਰੋ। ਕ੍ਰੈਡਿਟ ਕਾਰਡ ਨਾਲ ਕੀਤੇ ਸਾਰੇ ਲੈਣ-ਦੇਣ 45-50 ਦਿਨਾਂ ਦੀ ਵਿਆਜ ਮੁਕਤ ਮਿਆਦ ਦੇ ਨਾਲ ਆਉਂਦੇ ਹਨ। ਅਸਲ ਵਿੱਚ ਕ੍ਰੈਡਿਟ ਕਾਰਡ 45-50 ਦਿਨਾਂ ਦੀ ਵਿਆਜ ਮੁਕਤ ਮਿਆਦ ਦੀ ਪੇਸ਼ਕਸ਼ ਤਾਂ ਕਰਦੇ ਹਨ, ਪਰ ਤੁਹਾਨੂੰ ਮਿਲਣ ਵਾਲੀ ਅਸਲ ਵਿਆਜ ਮੁਕਤ ਮਿਆਦ ਲੈਣ-ਦੇਣ ਦੀ ਮਿਤੀ 'ਤੇ ਨਿਰਭਰ ਕਰਦੀ ਹੈ। ਜੇਕਰ ਤੁਸੀਂ ਆਪਣੇ ਬਿਲਿੰਗ ਚੱਕਰ ਦੇ ਪਹਿਲੇ ਦਿਨ ਖਰੀਦਦਾਰੀ ਕਰ ਲੈਂਦੇ ਹੋ, ਤਾਂ ਤੁਸੀਂ ਪੂਰੇ 45-50 ਦਿਨਾਂ ਦੀ ਵਿਆਜ ਮੁਕਤ ਮਿਆਦ ਦਾ ਅਨੰਦ ਲੈਣ ਦੇ ਯੋਗ ਹੋਵੋਗੇ, ਪਰ ਬਿਲਿੰਗ ਚੱਕਰ ਦੇ 30ਵੇਂ ਦਿਨ ਕੀਤੇ ਗਏ ਲੈਣ-ਦੇਣ ਲਈ ਸਿਰਫ਼ 15-20 ਦਿਨਾਂ ਦੀ ਵਿਆਜ ਮੁਕਤ ਮਿਆਦ ਦਾ ਲਾਭ ਹੀ ਲੈ ਸਕਦੇ ਹੋ। ਅਕਸਰ ਕ੍ਰੈਡਿਟ ਕਾਰਡ ਧਾਰਕ ਸੋਚਦੇ ਹਨ ਕਿ ਕ੍ਰੈਡਿਟ ਕਾਰਡ ਰਾਹੀਂ ਏਟੀਐਮ ਤੋਂ ਨਕਦੀ ਕਢਵਾਉਣਾ ਡੈਬਿਟ ਕਾਰਡ ਤੋਂ ਨਕਦੀ ਕਢਵਾਉਣ ਦੇ ਬਰਾਬਰ ਹੈ। ਜਦੋਂ ਕਿ ਕ੍ਰੈਡਿਟ ਕਾਰਡ ਦੀ ਵਰਤੋਂ ਕਰਕੇ ਤੋਂ ਪੈਸੇ ਕਢਵਾਉਣਾ ਡੈਬਿਟ ਕਾਰਡ ਤੋਂ ਪੈਸੇ ਕਢਵਾਉਣ ਨਾਲੋਂ ਬਿਲਕੁਲ ਵੱਖਰਾ ਹੈ। ਅਜਿਹਾ ਕਰਨ ਨਾਲ, ਤੁਹਾਨੂੰ ਵਿਆਜ਼ ਮੁਕਤ ਮਿਆਦ ਨਹੀਂ ਮਿਲਦੀ, ਜਿਵੇਂ ਹੀ ਤੁਸੀਂ ਪੈਸੇ ਕਢਵਾ ਲੈਂਦੇ ਹੋ, ਉਸੇ ਸਮੇਂ ਵਿਆਜ ਲੱਗਣਾ ਸ਼ੁਰੂ ਹੋ ਜਾਂਦਾ ਹੈ। ਸਿਰਫ ਇਹ ਹੀ ਨਹੀਂ, ਤੁਹਾਨੂੰ ਹਰ ਵਾਰ ਪੈਸੇ ਕਢਵਾਉਣ ਲਈ ਇਕ ਨਿਸ਼ਚਿਤ ਸ਼ੁਲਕ ਵੀ ਅਦਾ ਕਰਨਾ ਪਵੇਗਾ। ਕ੍ਰੈਡਿਟ ਕਾਰਡ ਦਾ ਮਹੀਨਾਵਾਰ ਜਿਨ੍ਹਾਂ ਵੀ ਬਿਲ ਬਣਦਾ ਹੈ ਉਸ ਨੂੰ ਸਮੇਂ ਸਿਰ ਪੂਰਾ ਭਰ ਦੇਣਾ ਚਾਹੀਦਾ ਹੈ ਕਦੇ ਵੀ ਘੱਟੋ-ਘੱਟ ਬਕਾਇਆ ਅਦਾ ਨਹੀਂ ਕਰਨਾ ਚਾਹੀਦਾ। ਅਸਲ ਵਿੱਚ, ਘੱਟੋ-ਘੱਟ ਬਕਾਇਆ ਉਪਭੋਗਤਾਵਾਂ ਦੇ ਬਕਾਇਆ ਬਿੱਲ ਦਾ ਛੋਟਾ ਜਿਹਾ ਹਿੱਸਾ (ਆਮ ਤੌਰ 'ਤੇ 5 ਫੀਸਦੀ) ਹੁੰਦਾ ਹੈ। ਉਸ ਸਮੇਂ ਤੁਹਾਨੂੰ ਲਗਦਾ ਹੈ ਕਿ ਘੱਟੋ-ਘੱਟ ਬਕਾਇਆ ਰਕਮ ਦਾ ਭੁਗਤਾਨ ਕਰਕੇ ਤੁਸੀਂ ਲੇਟ ਭੁਗਤਾਨ ਫੀਸਾਂ ਤੋਂ ਬਚ ਜਾਵੋਗੇ। ਜਦੋਂਕਿ, ਇਹ ਤੁਹਾਡੇ ਕਰਜ਼ੇ ਨੂੰ ਤੇਜ਼ੀ ਨਾਲ ਵਧਾ ਸਕਦਾ ਹੈ ਕਿਉਂਕਿ ਅਦਾਇਗੀ ਨਾ ਕੀਤੀ ਰਕਮ 'ਤੇ ਰੋਜ਼ਾਨਾ ਅਧਾਰ 'ਤੇ ਵਿੱਤ ਖਰਚੇ ਲਗਾਏ ਜਾਂਦੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਕ੍ਰੈਡਿਟ ਕਾਰਡਾਂ 'ਤੇ ਵਿੱਤੀ ਖਰਚੇ ਆਮ ਤੌਰ 'ਤੇ 40 ਪ੍ਰਤੀਸ਼ਤ ਪ੍ਰਤੀ ਸਾਲ ਤੋਂ ਵੱਧ ਹੁੰਦੇ ਹਨ। ਕ੍ਰੈਡਿਟ ਕਾਰਡ ਦੇ ਬਿੱਲ ਦਾ ਭੁਗਤਾਨ ਹਮੇਸ਼ਾ ਸਮੇਂ ਸਿਰ ਹੀ ਕਰਨਾ ਚਾਹੀਦਾ ਹੈ। ਜਦੋਂ ਵੀ ਅਸੀਂ ਕਰਜ਼ਾ ਲੈਣ ਲਈ ਬੈਂਕ ਜਾਂਦੇ ਹਾਂ ਤਾਂ ਸਭ ਤੋਂ ਪਹਿਲਾਂ ਬੈਂਕ ਸਾਡੇ ਕ੍ਰੈਡਿਟ ਸਕੋਰ () ਦੀ ਜਾਂਚ ਕਰਦਾ ਹੈ। ਵਿੱਤੀ ਮਾਹਿਰਾਂ ਦੇ ਅਨੁਸਾਰ, ਜੇਕਰ ਕ੍ਰੈਡਿਟ ਕਾਰਡ ਦੇ ਬਿੱਲ ਦਾ ਭੁਗਤਾਨ ਸਮੇਂ 'ਤੇ ਨਹੀਂ ਹੁੰਦਾ ਹੈ, ਤਾਂ ਇਸ ਦਾ ਸਾਡੇ ਸਕੋਰ 'ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਕ੍ਰੈਡਿਟ ਕਾਰਡ ਨਾਲ ਖਰੀਦਦਾਰੀ ਕਰਨ ਤੇ ਤੁਹਾਨੂੰ ਕੁਝ ਰਿਵਾਰਡ ਪੁਆਇੰਟ ਮਿਲਦੇ ਹਨ। ਪਰ ਉਨ੍ਹਾਂ ਪੁਆਇੰਟਾਂ ਨੂੰ ਰੀਡੀਮ ਕਰਨ ਬਾਰੇ ਬੈਂਕ ਘੱਟ ਹੀ ਦਸਦੇ ਹਨ ਅਤੇ ਜਾਣਕਾਰੀ ਦੀ ਘਾਟ ਕਾਰਨ ਅਨੇਕਾਂ ਲੋਕਾਂ ਦੇ ਪੁਆਇੰਟ ਐਕਸਪਾਇਰ ਹੋ ਜਾਂਦੇ ਹਨ। ਹਮੇਸ਼ਾ ਕ੍ਰੈਡਿਟ ਕਾਰਡ ਦੀ ਮੋਬਾਈਲ ਐਪਲੀਕੇਸ਼ਨ ਉਤੇ ਇਨ੍ਹਾਂ ਪੁਆਇੰਟਾਂ ਨੂੰ ਚੈੱਕ ਕਰਦੇ ਰਹਿਣਾ ਚਾਹੀਦਾ ਹੈ ਅਤੇ ਐਕਸਪਾਇਰੀ ਤੋਂ ਪਹਿਲਾਂ ਇਸਤੇਮਾਲ ਕਰ ਲੈਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਬੇਲੋੜੇ ਵਾਧੂ ਡਿਸਕਾਉਂਟ ਆਫਰ ਦੇਖ ਕੇ ਕ੍ਰੈਡਿਟ ਕਾਰਡ ਨਾਲ ਵਧੇਰੇ ਖਰੀਦਦਾਰੀ ਕਰ ਲੈਂਦੇ ਹਨ। ਇਸ ਕਾਰਨ ਬਾਅਦ ਵਿੱਚ ਉਨ੍ਹਾਂ ਨੂੰ ਬਿੱਲ ਅਦਾ ਕਰਨ ਵਿੱਚ ਮੁਸ਼ਕਲ ਆਉਂਦੀ ਹੈ ਅਤੇ ਉਨ੍ਹਾਂ 'ਤੇ ਹੋਰ ਬਿੱਲਾਂ ਦਾ ਬੋਝ ਵਧਣ ਲੱਗਦਾ ਹੈ। ਅਜਿਹੇ 'ਚ ਕ੍ਰੈਡਿਟ ਕਾਰਡ ਨਾਲ ਖਰੀਦਦਾਰੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਬਹੁਤ ਸਾਰੀਆਂ ਕ੍ਰੈਡਿਟ ਕਾਰਡ ਕੰਪਨੀਆਂ ਜੁਆਇਨਿੰਗ ਫੀਸ ਦੇ ਨਾਲ-ਨਾਲ ਸਲਾਨਾ ਫੀਸ ਵੀ ਵਸੂਲਦੀਆਂ ਹਨ। ਇਸ ਦੇ ਨਾਲ ਹੀ ਕੁਝ ਅਜਿਹੀਆਂ ਕੰਪਨੀਆਂ ਹਨ ਜਿਹੜੀਆਂ ਪਹਿਲੇ ਸਾਲ ਕੋਈ ਫੀਸ ਨਹੀਂ ਲੈਂਦੀਆਂ । ਇਸ ਲਈ ਅਜਿਹੇ ਕਾਰਡ ਦੀ ਚੋਣ ਕਰੋ ਜਿਸ ਵਿਚ ਤੁਹਾਨੂੰ ਘੱਟੋ-ਘੱਟ ਜੁਆਇਨਿੰਗ ਫੀਸ ਅਤੇ ਸਾਲਾਨਾ ਮੈਟੇਨੈਂਸ ਫੀਸ ਦੇਣੀ ਪਵੇ। ਇਸ ਦੇ ਨਾਲ ਤੁਹਾਨੂੰ ਕਾਰਡ ਦੀ ਸੁਰੱਖਿਆ ਲਈ ਕਾਰਡ ਪ੍ਰੋਟੈਕਸ਼ਨ ਪਲਾਨ () ਵੀ ਆਫਰ ਕੀਤਾ ਜਾਂਦਾ ਹੈ ਜਿਸ ਦਾ ਵੱਖਰਾ ਖ਼ਰਚਾ ਦੇਣਾ ਹੁੰਦਾ ਹੈ। ਬੈਂਕਾਂ ਅਤੇ ਹੋਰ ਕ੍ਰੈਡਿਟ ਕਾਰਡ ਕੰਪਨੀਆਂ ਦੀਆਂ ਲੁਭਾਉਣੀਆਂ ਗੱਲਾਂ ਵਿੱਚ ਆਉਣ ਦੀ ਬਜਾਏ ਜੇਕਰ ਤੁਹਾਨੂੰ ਲਾਜ਼ਮੀ ਤੌਰ ਤੇ ਇਸਦੀ ਜ਼ਰੂਰਤ ਹੈ ਅਤੇ ਪੂਰੀ ਜਾਣਕਾਰੀ ਮਿਲ ਗਈ ਹੈ ਤਦ ਹੀ ਕ੍ਰੈਡਿਟ ਕਾਰਡ ਲੈਣਾ ਚਾਹੀਦਾ ਹੈ। ਬੇਸ਼ੱਕ, ਜ਼ਰੂਰਤ ਦੇ ਸਮੇਂ ਕ੍ਰੈਡਿਟ ਕਾਰਡ ਇੱਕ ਵਧੀਆ ਦੋਸਤ ਸਾਬਤ ਹੁੰਦਾ ਹੈ, ਪਰ ਜੇ ਤੁਸੀਂ ਇਸਦੀ ਵਰਤੋਂ ਸਮਝਦਾਰੀ ਨਾਲ ਨਹੀਂ ਕਰਦੇ, ਤਾਂ ਇਹ ਤੁਹਾਡਾ ਸਭ ਤੋਂ ਵੱਡਾ ਦੁਸ਼ਮਣ ਬਣ ਸਕਦਾ ਹੈ ਅਤੇ ਤੁਹਾਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਸਕਦਾ ਹੈ। ਇਸ ਲਈ ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਸਮੇਂ ਹਮੇਸ਼ਾ ਸਾਵਧਾਨੀ ਅਤੇ ਸਮਝਦਾਰੀ ਦੀ ਵਰਤੋਂ ਕਰਨੀ ਚਾਹੀਦੀ ਹੈ।

ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ : 9876888177

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## Change of Name

**I Dhara, daughter of Maheshbhai Patel,** holder of Indian passport No M6563577, issued at Surat on February 23, 2015, Permanent resident of At - Khadsad, Post - Kathodara, Surat Rural, 394326 Gujarat, India and presently residing at 509 - 3 Lisa Street, Brampton L6T4A2, Ontario Canada, do hereby change the name from **Dhara Chintankumar Patel to Dhara Maheshbhai Patel,** with immediate effect.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Platinum Club Award (2020-2017) (2009-2018) (REMAX International)
Chairman's Club Award (2021, 2018, 2015, 2014, 2013, 2012, 2011, 2010)
Hall of Fame (2010)
Lifetime Achievement Award (2014)
Advertisement GUARANTEED Till SOLD
Follow Us:
MCNE

CALL JAG FOR A QUICK & FREE HOME EVALUATION
www BramptonTopRealtor.com
www BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood

SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird

SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell

SOLD @101% OF ASKING PRICE
12 Laurelcrest St
Queen / Laurelcrest / Hwy 410

SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410

SOLD @99% OF ASKING PRICE
11 Van Hoof Crest
Castlemore/ Goreway / Latania

SOLD $121,000 OVER ASKING IN 6 DAYS Caledon
42 Pinedale Ave
Kennedy / Dougall

SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood

SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017